Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 21* Issue 158 | Thursday, August 11, 2022 | Tel: 905-793-2202 | Fax: 905-793-2282 | news@punjabipost.ca | *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

# ਇਮੀਗ੍ਰੇਸ਼ਨ ਮਾਮਲਿਆਂ ਲਈ ਕੈਨੇਡਾ ਸਰਕਾਰ ਨੇ ਬਿਨਾਂ ਦੱਸਿਆਂ ਨਿਯਮ ਕੀਤੇ ਬਦਲੀ

ਓਟਵਾ, 10 ਅਗਸਤ (ਪੋਸਟ ਬਿਊਰੋ) : ਫੈਡਰਲ ਜੱਜ ਵੱਲੋਂ ਸੁਣਾਏ ਗਏ ਫੈਸਲੇ ਵਿੱਚ ਆਖਿਆ ਗਿਆ ਹੈ ਕਿ ਇਰਾਨ ਤੋਂ 100 ਇਮੀਗ੍ਰੈਂਟਸ ਦੇ ਮਾਮਲਿਆਂ ਨੂੰ ਗੈਰ ਤਰਕਸੰਗਤ ਢੰਗ ਨਾਲ ਰੱਦ ਕਰ ਦਿੱਤਾ ਗਿਆ ਹੈ। ਉਨ੍ਹਾਂ ਹੁਕਮ ਦਿੱਤਾ ਕਿ ਇਨ੍ਹਾਂ ਮਾਮਲਿਆਂ ਨੂੰ ਇੱਕ ਵਾਰੀ ਮੁੜ ਵਿਚਾਰਿਆ ਜਾਵੇ। ਇਸ ਉਦਾਹਰਨ ਨਾਲ ਅਜਿਹੇ ਸੈਂਕੜੇ ਹੋਰਨਾਂ ਮਾਮਲਿਆਂ ਵਿੱਚ ਇੱਕ ਨਵੀਂ ਮਿਸਾਲ ਕਾਇਮ ਹੋਵੇਗੀ।

ਸਰਕਾਰ ਦੀ ਇੱਕ ਨਿੱਕੀ ਜਿਹੀ ਇਮੀਗ੍ਰੇਸ਼ਨ ਕੈਟੇਗਰੀ ਹੈ, ਜਿਹੜੀ ਸੈਲਫ ਇੰਪਲੌਇਡ ਆਰਟਿਸਟ ਤੇ ਅਥਲੀਟਸ ਲਈ ਹੈ। ਇਹ ਪ੍ਰੋਗਰਾਮ ਦੁਨੀਆ ਦਾ ਮਿਆਰੀ ਹੁਨਰ ਰੱਖਣ ਵਾਲੇ ਲੋਕਾਂ ਨੂੰ ਨਾਗਰਿਕਤਾ ਦੇਣ ਲਈ ਤਿਆਰ ਕੀਤਾ ਗਿਆ ਹੈ। ਪਰ ਅੰਦਰੂਨੀ ਮੀਮੋ ਵਿੱਚ ਇਹ ਸਾਹਮਣੇ ਆਇਆ ਕਿ ਬਿਊਰੋਕ੍ਰੈਟਸ ਵੱਲੋਂ ਇਹ ਸਵੀਕਾਰ ਕੀਤਾ ਗਿਆ ਹੈ ਕਿ ਇਸ ਸਬੰਧ ਵਿੱਚ ਉਪਲਬਧ ਜਾਣਕਾਰੀ ਭੰਬਲਭੂਸੇ ਵਾਲੀ ਹੈ ਤੇ ਉਸ ਦਾ ਕੋਈ ਸਪਸ਼ਟ ਮਿਆਰ ਨਹੀਂ।

ਅਦਾਲਤ ਵਿੱਚ ਇਰਾਨ ਤੋਂ ਆਈਆਂ ਉਨ੍ਹਾਂ 100 ਅਰਜ਼ੀਆਂ ਦਾ ਮਾਮਲਾ ਚੱਲ ਰਿਹਾ ਸੀ ਜਿਹੜੀਆਂ ਕੈਨੇਡਾ ਵਿੱਚ ਸੈਟਲ ਹੋਣ ਦੇ ਚਾਹਵਾਨਾਂ ਵੱਲੋਂ ਭੇਜੀਆਂ ਗਈਆਂ ਸਨ ਪਰ ਉਨ੍ਹਾਂ ਨੂੰ ਰੱਦ ਕਰ ਦਿੱਤਾ



ਗਿਆ। ਇਰਾਨ ਤੋਂ ਇਨ੍ਹਾਂ ਮਾਮਲਿਆਂ ਨੂੰ ਪਹਿਲਾਂ ਅੰਕਾਰਾ, ਤੁਰਕੀ ਦੇ ਸਰਕਾਰੀ ਆਫਿਸ ਰਾਹੀਂ ਪ੍ਰੋਸੈੱਸ ਕੀਤਾ ਗਿਆ ਸੀ, ਪਰ ਬੈਕਲਾਗ ਨਾਲ ਨਜਿੱਠਣ ਦੇ ਇਰਾਦੇ ਨਾਲ ਸਰਕਾਰ ਨੇ ਇਨ੍ਹਾਂ ਨੂੰ ਵਾਰਸਾਅ, ਪੋਲੈਂਡ ਸ਼ਿਫਟ ਕਰ ਦਿੱਤਾ। ਇਮੀਗ੍ਰੇਸ਼ਨ ਕੰਸਲਟੈਂਟਸ ਨੇ ਦੱਸਿਆ ਕਿ ਰੱਦ ਹੋਣ ਵਾਲੇ ਮਾਮਲਿਆਂ ਵਿੱਚ ਵਾਧਾ ਹੋ ਗਿਆ।

ਪਿਛਲੇ ਮਹੀਨੇ ਜਾਰੀ ਕੀਤੇ ਗਏ ਫੈਸਲੇ ਵਿੱਚ ਜੱਜ ਹੈਨਰੀ ਬ੍ਰਾਊਨ ਨੇ ਆਖਿਆ ਕਿ ਇਹ ਸਪਸ਼ਟ ਹੈ ਕਿ ਆਫਿਸ ਬਦਲਣ ਕਾਰਨ ਬਿਲਕੁਲ ਨਵੇਂ ਮਾਪਦੰਡ ਅਪਣਾਏ ਗਏ। ਬ੍ਰਾਊਨ ਨੇ ਆਪਣੇ ਫੈਸਲੇ ਵਿੱਚ ਆਖਿਆ ਕਿ ਇਹ ਤਬਦੀਲੀ ਬਹੁਤੀ ਸੁਖਾਵੀਂ ਨਹੀਂ ਹੈ। ਕਈ ਬਿਨੈਕਾਰਾਂ ਨੇ ਜਿਸ ਸਮੇਂ ਅਪਲਾਈ ਕੀਤਾ ਤੇ ਜਿਸ ਸਮੇਂ ਉਨ੍ਹਾਂ ਦੀ ਅਰਜ਼ੀਆਂ ਸਵੀਕਾਰ ਹੋਣਗੀਆਂ ਉਸ ਵਿਚਾਲੇ ਅੱਠ ਸਾਲ ਦਾ ਸਮਾਂ ਲੱਗ ਜਾਵੇਗਾ। ਵਾਰਸਾਅ ਤੱਕ ਮਾਮਲੇ ਟਰਾਂਸਫਰ ਹੋਣ ਤੋਂ ਪਹਿਲਾਂ ਬਿਨੈਕਾਰਾਂ ਨੂੰ ਅਕਸਰ ਜਾਣਕਾਰੀ ਮੁਹੱਈਆ ਕਰਵਾਉਣ ਲਈ ਆਖਿਆ ਜਾਂਦਾ ਸੀ ਜੋ ਬੰਦ ਹੋ ਗਈ ਹੈ।

ਬ੍ਰਾਊਨ ਨੇ ਆਖਿਆ ਕਿ ਕਈ ਅਰਜ਼ੀਆਂ ਤਾਂ ਇਸ ਲਈ ਰੱਦ ਕਰ ਦਿੱਤੀਆਂ ਗਈਆਂ ਕਿਉਂਕਿ ਉਨ੍ਹਾਂ ਦੇ ਬਿਜ਼ਨਸ ਪਲੈਨਜ਼ ਵਿੱਚ ਵੇਰਵੇ ਦੀ ਘਾਟ ਸੀ। ਪਰ ਬ੍ਰਾਊਨ ਨੇ ਆਖਿਆ ਕਿ ਪਹਿਲਾਂ ਇਹ ਮਾਪਦੰਡ ਨਹੀਂ ਸੀ ਹੁੰਦਾ ਤੇ ਬਿਨਾਂ ਨੋਟਿਸ ਦੇ ਇਸ ਨੂੰ ਲਾਗੂ ਕਰਨਾ ਜਾਇਜ਼ ਨਹੀਂ ਹੈ। ਬ੍ਰਾਊਨ ਨੇ ਫੈਸਲਾ ਸੁਣਾਉਂਦਿਆਂ ਆਖਿਆ ਕਿ ਸਰਕਾਰ ਇਨ੍ਹਾਂ 108 ਮਾਮਲਿਆਂ ਉੱਤੇ ਅੰਕਾਰਾ ਆਫਿਸ ਵਾਲੇ ਮਾਪਦੰਡਾਂ ਦੇ ਅਨੁਸਾਰ ਹੀ ਦੂਜੀ ਝਾਤੀ ਵੀ ਮਾਰੇ।

# ਹੁਣ ਰੌਇਲ ਕੈਨੇਡੀਅਨ ਇੰਟਰਨੈਸ਼ਨਲ ਸਰਕਸ 11 ਤੋਂ 22 ਅਗਸਤ ਤੱਕ ਮਿਸੀਸਾਗਾ 'ਚ



ਟੋਰਾਂਟੋ, 10 ਅਗਸਤ (ਪੋਸਟ ਬਿਊਰੋ) : ਰੌਇਲ ਕੈਨੇਡੀਅਨ ਇੰਟਰਨੈਸ਼ਨਲ ਸਰਕਸ 2022, 11 ਤੋਂ 22 ਅਗਸਤ ਤੱਕ ਮਿਸੀਸਾਗਾ ਦੇ ਡਿਕਸੀ ਆਊਟਲੈਟ ਮਾਲ ਵਿੱਚ 19 ਹੈਰਤਅੰਗੇਜ਼ ਸ਼ੋਅਜ਼ ਲੈ ਕੇ ਆ ਰਹੀ ਹੈ। ਜੀਟੀਏ ਵਿੱਚ ਇਹ ਸਰਕਸ 28 ਅਗਸਤ, 2022 ਤੱਕ ਰਹੇਗੀ ਤੇ ਕੁੱਲ 56 ਕਮਾਲ ਦੇ ਸ਼ੋਅ ਪੇਸ਼ ਕਰੇਗੀ। ਇਸ ਦੌਰਾਨ ਵ੍ਹੀਲ ਆਫ ਡੈਸਟਿਨੀ ਉੱਤੇ ਡੇਅਰਡੇਵਿਲ ਜੋਸਫ ਡੌਮੀਨਿਕ ਬਾਇਰ ਆਪਣੇ ਕਰਤਬ ਵਿਖਾਵੇਗਾ, ਇਸ ਤੋਂ ਇਲਾਵਾ ਸ਼ਿਕਾਗੋ ਬੌਇਜ਼, ਅਮੈਰਿਕਾਜ਼ ਗੌਟ ਟੇਲੈਂਟ ਤੋਂ ਐਕਰੋਬੈਟਿਕ ਟੀਮ ਪਲੱਸ ਫਲਾਈਂਗ ਟਰੈਪੀਜ਼, ਕੁਰਸੀਆਂ ਨੂੰ ਸੰਤੁਲਿਤ ਕਰਨਾ, ਗਾਣਾ ਗਾਉਂਦੇ ਹੋਏ ਹੈੱਡ ਬੈਲੈਂਸਿੰਗ, ਹਿਊਮਨ ਕੈਨਨ ਬਾਲ, ਹਵਾ ਵਿੱਚ ਵਾਲਾਂ ਨਾਲ ਲਟਕਣਾ, ਹੂਲਾ ਹੂਪ ਮੇਜ਼ ਤੇ ਕਾਮੇਡੀ ਆਦਿ ਪੇਸ਼ ਕੀਤੇ ਜਾਣਗੇ।

ਇੱਕ ਦਿਨ ਲਈ ਇਸ ਸਰਕਸ ਦਾ ਹਿੱਸਾ ਬਣਕੇ ਹੈਰਾਨ ਕਰ ਦੇਣ ਵਾਲੇ ਕਰਤਬਾਂ ਦਾ ਆਨੰਦ ਮਾਣੋ। ਇਹ ਕਿਫਾਇਤੀ ਤੇ ਪਰਿਵਾਰਕ ਐਂਟਰਟੇਨਮੈਂਟ ਲਈ ਬਹੁਤ ਵਧੀਆ ਮਿਸਾਲ ਬਣੇਗੀ।

ਇੱਕ ਦੀ ਕੀਮਤ ਉੱਤੇ ਦੋ ਸਰਕਸ ਵੇਖਣ ਆਓ ਤੇ ਇਸ ਲਈ www.royalcanadiancircus.ca ਉੱਤੇ ਜਾਓ ਤੇ ਪ੍ਰੋਮੋਕੋਡ : ਪੰਜਾਬੀ ਪਾਓ।

...ਬਾਕੀ ਪੰਨਾ 2 'ਤੇ

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL Insurance Advisor 416-724-5000

GURBIR CHAHAL Sales Representative
416.566.7605
gurbir.chahal@yahoo.com
ROYAL LEPAGE Flower City Realty Off : 905.230.3100

Pure Vegetarian
MUFFIN'S INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
Free CHOLE BHATURE WHEN YOU SPEND OVER $20

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

OURR HOME & APPLIANCES
Late Summer TREATS
PRICE $3199 +TAX
PRICE $1599 +TAX
KitchenAid moffat MAYTAG LG SAMSUNG Electrolux JENNAIR BOSCH Whirlpool
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25
Cell: 416-841-4218 Tel: 905-216-5563
AvonFinancial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL (Government Approved Licensed Technician)
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

# ਹੁਣ ਰੌਇਲ ਕੈਨੇਡੀਅਨ ਇੰਟਰਨੈਸ਼ਨਲ ਸਰਕਸ 11 ਤੋਂ 22 ਅਗਸਤ ਤੱਕ ਮਿਸੀਸਾਗਾ 'ਚ






ਇੱਕ ਦੀ ਕੀਮਤ ਉੱਤੇ ਦੋ ਸਰਕਸ ਵੇਖਣ ਆਓ ਤੇ ਇਸ ਲਈ www.royalcanadiancircus.ca ਉੱਤੇ ਜਾਓ ਤੇ ਪ੍ਰੋਮੋਕੋਡ : ਪੰਜਾਬੀ ਪਾਓ।

ਵਧੇਰੇ ਜਾਣਕਾਰੀ ਲਈ ਕੈਥੀ ਸਪਰਾਊਲ, ਡਾਇਰੈਕਟਰ ਪਬਲਿਕ ਰਿਲੇਸ਼ਨਜ਼ ਨਾਲ (403)815-7499 ਉੱਤੇ ਸੰਪਰਕ ਕਰੋ ਜਾਂcathys@royalcanadiancircus.com ਉੱਤੇ ਈਮੇਲ ਕਰੋ।

ਰੌਇਲ ਕੈਨੇਡੀਅਨ ਸਰਕਸ ਵੱਲੋਂ ਹੇਠ ਲਿਖੇ ਮੁਤਾਬਕ ਟੂਰ ਕੀਤੇ ਜਾ ਰਹੇ ਹਨ :

Mississauga, ON:
Dixie Outlet Mall, Aug 11-21, 2022, for 19 shows.
Aug 11, 2022 @ 7pm
Aug 12, 2022 @ 4pm & 7:30pm
Aug 13, 2022 @ 12Noon, 4pm & 7:30pm
Aug 14, 2022 @ 1pm & 5pm
Aug 15, 2022 @ 7pm
Aug 16, 2022 @ 7pm
Aug 17, 2022 @ 7pm
Aug 18, 2022 @4pm & 7:30pm
Aug 19, 2022 @ 12Noon, 4:30pm & 7:30pm
Aug 20, 2022 @ 1pm & 5pm
Burlington, ON:
Burlington Centre, Aug 25-28, 2022, for 8 shows.
Aug 25, 2022 @ 7pm
Aug 26, 2022 @ 4pm & 7:30pm
Aug 27, 2022 @ 12Noon, 4pm & 7:30pm
Aug 28, 2022 @ 1pm & 5pm

# ਮਿਸੀਸਾਗਾ ਦੇ ਰੈਸਟੋਰੈਂਟ ਵਿੱਚ ਮਾਰਿਆ ਗਿਆ ਡਾਕਾ



ਮਿਸੀਸਾਗਾ, 10 ਅਗਸਤ (ਪੋਸਟ ਬਿਊਰੋ) :ਮਿਸੀਸਾਗਾ ਸਥਿਤ ਕੈਪਰਾਜ਼ ਕਿਚਨ ਰੈਸਟੋਰੈਂਟ ਦਾ ਕੰਮ ਸਹੀ ਢੰਗ ਨਾਲ ਚੱਲ ਰਿਹਾ ਸੀ, ਪਰ ਇਸ ਹਫਤੇ ਉੱਥੇ ਹੋਈ ਰੌਬਰੀ ਨਾਲ ਪਰਿਵਾਰ ਬੁਰੀ ਤਰ੍ਹਾਂ ਟੁੱਟ ਗਿਆ।

ਰੈਸਟੋਰੈਂਟ ਦੇ ਮਾਲਕ ਮੈਸਿਮੋ ਕੈਪਰਾ ਨੇ ਦੱਸਿਆ ਕਿ ਮੰਗਲਵਾਰ ਤੜ੍ਹਕੇ 1:30 ਉੱਤੇ ਉਨ੍ਹਾਂ ਨੂੰ ਆਪਣੀ ਸਕਿਊਰਿਟੀ ਕੰਪਨੀ ਤੋਂ ਕਾਲ ਆਇਆ ਕਿ ਉਨ੍ਹਾਂ ਦੇ ਰੈਸਟੋਰੈਂਟ ਵਿੱਚ ਕੁੱਝ ਗੜਬੜ ਚੱਲ ਰਹੀ ਲੱਗਦੀ ਹੈ।ਜਦੋਂ ਕੈਪਰਾ ਰੈਸਟੋਰੈਂਟ ਪਹੁੰਚੇ ਤਾਂ ਉਨ੍ਹਾਂ ਵੇਖਿਆ ਕਿ ਸਾਹਮਣੇ ਵਾਲਾ ਦਰਵਾਜ਼ਾ ਖੁੱਲ੍ਹਾ ਸੀ ਤੇ ਰੈਸਟੋਰੈਂਟ ਦੇ ਆਫਿਸ ਵਿੱਚੋਂ ਨਿੱਕੀ ਸੇਫ ਤੇ ਮਨੀ ਬਾਕਸ ਗਾਇਬ ਸਨ।

ਕੈਪਰਾ ਨੇ ਦੱਸਿਆ ਕਿ ਮਸ਼ਕੂਕ ਵੱਡੀ ਮਾਤਰਾ ਵਿੱਚ ਪੈਸੇ ਲੈ ਗਏ ਹਨ ਕਿਉਂਕਿ ਉਨ੍ਹਾਂ ਆਪਣੇ ਮੁਲਾਜ਼ਮਾਂ ਨੂੰ ਦੇਣ ਲਈ ਉੱਥੇ ਨਕਦੀ ਰੱਖੀ ਹੋਈ ਸੀ।ਪਰ ਉਸ ਤੋਂ ਵੀ ਕੀਮਤੀ ਚੀਜ਼ਾਂ ਉਸ ਸੇਫ ਵਿੱਚ ਸਨ ਜਿਹੜੀਆਂ ਉਹ ਲੈ ਗਏ ਹਨ। ਕੈਪਰਾ ਨੇ ਦੱਸਿਆ ਕਿ ਚਾਰ ਸਾਲ ਪਹਿਲਾਂ ਉਨ੍ਹਾਂ ਦੇ 30 ਸਾਲਾ ਲੜਕੇ ਐਂਡਰਿਊ ਦੀ ਮੌਤ ਹੋਈ ਸੀ।ਉਸ ਦੇ ਮੈਮੋਰੀਅਲ ਵਿੱਚ ਸ਼ਾਮਲ ਲੋਕਾਂ ਵੱਲੋਂ ਉਸ ਲਈ ਨੋਟਸ, ਗਾਣੇ, ਕਹਾਣੀਆਂ ਤੇ ਤਸਵੀਰਾਂ, ਚਿੱਠੀਆਂ ਆਦਿ ਦਿੱਤੀਆਂ ਗਈਆਂ ਸਨ, ਉਹ ਸੱਭ ਵੀ ਉਸ ਸੇਫ ਵਿੱਚ ਸੀ।

ਕੈਪਰਾ ਨੇ ਆਖਿਆ ਕਿ ਪੈਸਾ ਤਾਂ ਆਉਣੀ ਜਾਣੀ ਚੀਜ਼ ਹੈ ਪਰ ਜੇ ਹੋ ਸਕੇ ਤਾਂ ਮਸ਼ਕੂਕਾਂ ਨੂੰ ਗੁਜ਼ਾਰਿਸ਼ ਹੈ ਕਿ ਉਹ ਉਨ੍ਹਾਂ ਦੇ ਬੇਟੇ ਨਾਲ ਸਬੰਧਤ ਚੀਜ਼ਾਂ ਮੋੜ ਦੇਣ।ਉਨ੍ਹਾਂ ਵੱਲੋਂ ਇਸ ਡਾਕੇ ਦੀ ਫੁਟੇਜ ਇਨ-ਸਟਾਗ੍ਰਾਮ ਉੱਤੇ ਸਾਂਝੀ ਕੀਤੀ ਗਈ ਹੈ ਤੇ ਇਹ ਵੀ ਆਖਿਆ ਗਿਆ ਹੈ ਕਿ ਉਨ੍ਹਾਂ ਦੇ ਬੇਟੇ ਨਾਲ ਸਬੰਧਤ ਸਮਾਨ ਮੋੜਨ ਵਾਲੇ ਨੂੰ ਨਕਦ ਇਨਾਮ ਵੀ ਦਿੱਤਾ ਜਾਵੇਗਾ।

# ਹਾਈ ਕੋਰਟ ਤੋਂ ਜ਼ਮਾਨਤ ਮਿਲੀ, ਬਿਕਰਮ ਸਿੰਘ ਮਜੀਠੀਆ ਜੇਲ੍ਹ ਤੋਂ ਨਿਕਲੇ


ਪਟਿਆਲਾ, 10 ਅਗਸਤ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੰਤਰੀ ਅਤੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਜ਼ਮਾਨਤ ਮਿਲ ਗਈ ਹੈ।ਹਾਈ ਕੋਰਟ ਦੇ ਡਬਲ ਬੈਂਚ ਤੋਂ ਜ਼ਮਾਨਤ ਮਿਲਣ ਪਿੱਛੋਂ ਅੱਜ ਬਿਕਰਮ ਸਿੰਘ ਮਜੀਠੀਆ ਜੇਲ੍ਹਤੋਂ ਬਾਹਰ ਆ ਗਏ।ਬਿਕਰਮ ਸਿੰਘ ਮਜੀਠੀਆ ਦੇ ਜੇਲ੍ਹਤੋਂ ਨਿਕਲਣ ਉੱਤੇ ਵੱਡੀ ਗਿਣਤੀ ਵਿੱਚ ਉਨ੍ਹਾਂ ਦੇ ਸਮੱਰਥਕਾਂ ਅਤੇ ਅਕਾਲੀ ਵਰਕਰਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ।

ਬਹੁ-ਚਰਚਿਤਡਰੱਗ ਕੇਸ ਵਿੱਚ ਹਾਈ ਕੋਰਟਨੇਬਿਕਰਮ ਸਿੰਘ ਮਜੀਠੀਆ ਨੂੰ ਜਿਹੜੀਆਂ ਸਖਤ ਸ਼ਰਤਾਂ ਨਾਲਜ਼ਮਾਨਤ ਦਿੱਤੀ ਹੈ, ਉਨ੍ਹਾਂ ਵਿੱਚ2 ਲੱਖ ਰੁਪਏ ਦਾ ਬਾਂਡ ਭਰਨ ਦੇ ਨਾਲ ਦੂਸਰੀ ਸ਼ਰਤ ਹੈ ਕਿ ਉਹ ਆਪਣਾ ਪਾਸਪੋਰਟ ਜਾਂਚ



ਏਜੰਸੀ ਕੋਲ ਜਮ੍ਹਾ ਕਰਾਉਣਗੇ ਤੇ ਹਾਈ ਕੋਰਟ ਦੀ ਇਜਾਜ਼ਤ ਬਿਨਾਂ ਵਿਦੇਸ਼ ਨਹੀਂ ਜਾ ਸਕਦੇ। ਇਸ ਤੋਂ ਇਲਾਵਾ ਉਹ ਕੇਸ ਦੇ ਸਬੂਤਾਂ ਨਾਲ ਛੇੜਖਾਨੀ ਨਹੀਂ ਕਰਨਗੇ ਤੇ ਮਿਥੀ ਤਾਰੀਖ਼ ਉੱਤੇਅਦਾਲਤ ਹਾਜ਼ਰ ਹੋਣਗੇ।ਹਾਈ ਕੋਰਟ ਨੇ ਕਿਹਾ ਕਿਉਨ੍ਹਾਂ ਉੱਤੇ ਜਿੱਦਾਂ ਦੇ ਦੋਸ਼ ਹਨ, ਓਦਾਂ ਦਾ ਗੁਨਾਹ ਨਹੀਂ ਕਰਨਗੇ ਤੇ ਕੇਸ ਦੇ ਕਿਸੇ ਵੀ ਗਵਾਹ ਜਾਂ ਕੇਸ ਨਾਲ ਸਬੰਧਿਤ ਪੁਲਸ ਮੁਲਾਜ਼ਮਾਂ ਨੂੰ ਡਰਾਵਾ ਨਹੀਂ ਦੇਣਗੇ।

ਵਰਨਣ ਯੋਗ ਹੈ ਕਿ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਰਾਜ ਦੌਰਾਨ ਪਿਛਲੇ ਸਾਲ 20 ਦਸੰਬਰ ਨੂੰ ਬਿਕਰਮ ਸਿੰਘ ਮਜੀਠੀਆ ਵਿਰੁੱਧ ਨਸ਼ੀਲੇ ਪਦਾਰਥਾਂ ਦੇ ਕਾਨੂੰਨ(ਐੱਨ ਡੀ ਪੀ ਐੱਸ ਐਕਟ) ਹੇਠ ਮੋਹਾਲੀ ਵਿੱ-ਚਕੇਸ ਦਰਜ ਹੋਇਆ ਸੀ। ਇਸ ਪਿੱਛੋਂ ਸੁਪਰੀਮ ਕੋਰਟ ਨੇ ਮਜੀਠੀਆ ਦੇ ਚੋਣ ਲੜਨ ਤੱਕ ਗ੍ਰਿਫਤਾਰੀ ਉੱਤੇ ਰੋਕ ਲਾ ਦਿੱਤੀ ਸੀ ਤੇ20 ਫਰਵਰੀ ਨੂੰ ਵੋਟਿੰਗਤੋਂ ਬਾਅਦ 24 ਫਰਵਰੀ ਨੂੰ ਮਜੀਠੀਆ ਨੇ ਮੋਹਾਲੀ ਅਦਾਲਤਨੂੰ ਸਮਰਪਣ ਕਰ ਦਿੱਤਾ ਸੀ, ਜਿੱਥੋਂ ਉਨ੍ਹਾਂ ਨੂੰ ਪਟਿਆਲਾ ਜੇਲ੍ਹ ਭੇਜ ਦਿੱਤਾ ਗਿਆ ਸੀ। 10 ਮਾਰਚ ਨੂੰ ਆਏ ਵਿਧਾਨ ਸਭਾ ਚੋਣ ਨਤੀਜੇ ਵਿੱਚ ਬਿਕਰਮ ਸਿੰਘ ਮਜੀਠੀਆ ਅੰਮ੍ਰਿਤਸਰ ਪੂਰਬੀ ਹਲਕੇ ਤੋਂ ਚੋਣ ਹਾਰ ਗਏ ਸਨ।



# ਨਿਤੀਸ਼ ਕੁਮਾਰ 8ਵੀਂ ਵਾਰ ਬਿਹਾਰ ਦੇ ਮੁੱਖ ਮੰਤਰੀ ਬਣੇ

## * ਲਾਲੂ ਦੇ ਪੁੱਤਰ ਤੇਜੱਸਵੀ ਯਾਦਵ ਨੇ ਮੰਤਰੀ ਵਜੋਂ ਸਹੁੰ ਚੁੱਕੀ



ਪਟਨਾ, 10 ਅਗਸਤ, (ਪੋਸਟ ਬਿਊਰੋ)- ਨਿਤੀਸ਼ ਕੁਮਾਰ ਰਿਕਾਰਡ ਅੱਠਵੀਂ ਵਾਰ ਬਿਹਾਰ ਰਾਜ ਦੇ ਮੁੱਖ ਮੰਤਰੀ ਬਣ ਗਏ ਹਨ।ਅੱਜ ਬੁੱਧਵਾਰ ਉਨ੍ਹਾ ਨੇ ਇੱਕ ਵਾਰ ਫਿਰ ਇਸ ਰਾਜ ਦੇ ਮੁੱਖ ਮੰਤਰੀ ਦੀ ਸਹੁੰ ਚੁੱਕੀ।ਗਵਰਨਰ ਫਾਗੂ ਚੌਹਾਨ ਨੇ ਪਟਨਾ ਦੇ ਰਾਜ ਭਵਨ ਵਿੱਚਹੋਏ ਸਮਾਰੋਹ ਵਿੱਚ ਨਿਤੀਸ਼ ਕੁਮਾਰ ਨੂੰ ਅਹੁਦੇ ਤੇ ਗੁਪਤਤਾ ਦੀ ਸਹੁੰ ਚੁਕਾਈ। ਨਿਤੀਸ਼ ਕੁਮਾਰ ਦੇ ਨਾਲਲਾਲੂ ਪ੍ਰਸਾਦ ਯਾਦਵ ਦੇ ਛੋਟੇ ਪੁੱਤਰ ਤੇਜੱਸਵੀ ਯਾਦਵ, ਜੋ ਪਹਿਲਾਂ ਬਿਹਾਰ ਦੇ ਉੱਪ ਮੁੱਖ ਮੰਤਰੀ ਸਨ, ਨੇ ਵੀਮੰਤਰੀ ਵਜੋਂ ਅਹੁਦੇ ਅਤੇ ਗੁਪਤਤਾ ਦੀ ਸਹੁੰ ਚੁੱਕੀ ਹੈ।

ਪਟਨਾ ਦੇ ਰਾਜ ਭਵਨ ਵਿੱਚ ਇਸ ਸਮਾਗਮ ਵਿੱਚ ਮਹਾਗਠਜੋੜ ਦੀਆਂ ਸਭਧਿਰਾਂ ਦੇ ਨੇਤਾ ਸਨ, ਪਰ ਭਾਜਪਾ ਦਾ ਕੋਈ ਵੱਡਾ ਨੇਤਾ ਨਹੀਂ ਆਇਆ। ਸਮਾਗਮ ਪਿੱਛੋਂ ਦੋਵਾਂ ਆਗੂਆਂ ਨੇ ਉੱਥੇ ਮੌਜੂਦ ਲੋਕਾਂ ਦਾ ਸਵਾਗਤ ਕੀਤਾ ਤੇ ਲੋਕਾਂ ਨੇ ਦੋਵਾਂ ਨੂੰ ਵਧਾਈ ਦਿੱਤੀ। ਸਮਾਗਮ ਵਿੱਚ ਸਾਬਕਾ ਮੁੱਖ ਮੰਤਰੀ ਰਾਬੜੀ ਦੇਵੀ ਤੋਂ ਇਲਾਵਾ ਲਾਲੂ ਪ੍ਰਸਾਦ ਯਾਦਵ ਦੇ ਵੱਡੇ ਪੁੱਤਰ ਤੇਜ ਪ੍ਰਤਾਪ ਯਾਦਵ ਅਤੇ ਤੇਜੱਸਵੀ ਯਾਦਵ ਦੀ ਪਤਨੀ ਰਾਜਸ਼੍ਰੀ ਯਾਦਵ ਮੌਜੂਦ ਸਨ। ਨਵੀਂ ਸਰਕਾਰ ਬਣਦੇ ਸਾਰ ਮੰਤਰੀ ਬਣਨ ਵਾਲਿਆਂ ਦੀ ਚਰਚਾ ਛਿੜ ਗਈ ਹੈ। ਇਸ ਮੌਕੇਖ਼ਬਰਾਂ ਹਨ ਕਿ ਗ੍ਰਹਿ ਵਿਭਾਗ ਨਿਤੀਸ਼ ਕੁਮਾਰ ਦੇ ਕੋਲ ਰਹੇਗਾ, ਜਿਸ ਦਾ ਰਸਮੀ ਐਲਾਨ ਹੋਣਾ ਬਾਕੀ ਹੈ ਅਤੇ ਤੇਜੱਸਵੀ ਯਾਦਵ ਨੂੰ ਹੋਰ ਪ੍ਰਮੁੱਖ ਵਿਭਾਗ ਮਿਲਣਗੇ।

# ਸੁਖਪਾਲ ਖਹਿਰਾ ਵੱਲੋਂ ਸੰਤ ਸੀਚੇਵਾਲ ਉੱਤੇ ਸਰਕਾਰੀ ਜ਼ਮੀਨ ਉੱਪਰ ਨਜਾਇਜ਼ ਕਬਜੇ ਕਰਨ ਦਾ ਦੋਸ਼

## * ਸੀਚੇਵਾਲ ਬੋਲੇ: ਸਾਡਾ ਕਿਸੇ ਜ਼ਮੀਨ ਉੱਤੇ ਕੋਈ ਨਾਜਾਇਜ਼ ਕਬਜ਼ਾ ਨਹੀਂ

ਚੰਡੀਗੜ੍ਹ, 10 ਅਗਸਤ, (ਪੋਸਟ ਬਿਊਰੋ)- ਪੰਜਾਬ ਦੇ ਹਲਕਾ ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਅਤੇ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਅਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਅੱਜ ਸੋਸ਼ਲ ਮੀਡੀਆ ਉੱਤੇ ਆਹਮਣੇ ਸਾਹਮਣੇ ਹੋ ਗਏ। ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਸੰਤ ਬਲਬੀਰ ਸਿੰਘ ਸੀਚੇਵਾਲ ਉੱਤੇ 21 ਏਕੜ ਸਰਕਾਰੀ ਜ਼ਮੀਨ ਉੱਤੇ ਨਜਾਇਜ਼ ਕਬਜਾ ਕਰਨ ਦੇ ਦੋਸ਼ ਲਾਏ ਹਨ।

ਇਸ ਸੰਬੰਧ ਵਿੱਚ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਸੁਲਤਾਨ-ਪੁਰ ਲੋਧੀ ਦੇ ਪਿੰਡ ਜਾਮੇਵਾਲ ਤੇ ਫਤੇਵਾਲਦੀ 21 ਏਕੜ ਜ਼ਮੀਨ ਉੱਤੇ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਨਜਾਇਜ਼ ਕਬਜਾ ਕਰਕੇ ਗਊਸ਼ਾਲਾ ਬਣਾਈ ਹੋਈ ਹੈ।ਉਨ੍ਹਾ ਕਿਹਾ ਕਿ



ਅਸੂਲ ਮੁਤਾਬਕ ਕੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਇਹ ਸਰਕਾਰੀ ਜ਼ਮੀਨ ਛੁਡਾਉਣਗੇ।

ਦੂਸਰੇ ਪਾਸੇ ਸੰਤ ਸੀਚੇਵਾਲ ਨੇ ਜਵਾਬ ਵਿੱਚ ਕਿਹਾ ਕਿ ਸਾਡਾ ਕਿਸੇ ਵੀ ਜ਼ਮੀਨ ਉੱਤੇ ਨਾਜਾਇਜ਼ ਕਬਜ਼ਾ ਨਹੀਂ, ਅਸੀਂ ਗਊਆਂ ਦੀ ਸੰਭਾਲ ਲਈ ਜ਼ਮੀਨ ਦੀ ਖਰੀਦ ਕੀਤੀ ਸੀ ਤੇ ਸਰਕਾਰ ਨੂੰ 2 ਸਾਲ ਫੀਸ ਵੀ ਦਿੱਤੀ ਸੀ। ਉਨ੍ਹਾ ਕਿਹਾ ਕਿ ਜੇ ਪੰਜਾਬ ਸਰਕਾਰ ਇਹ ਜ਼ਮੀਨ ਸਾਡੇ ਤੋਂ ਮੰਗੇ ਤਾਂ ਅਸੀਂ ਉਨ੍ਹਾਂ ਨੂੰ ਦੇ ਦੇਵਾਂਗੇ ਤੇ ਇਨ੍ਹਾਂ ਗਊਆਂ ਦੀ ਸੰਭਾਲ ਕਰਨ ਦੀ ਜ਼ਿਮੇਵਾਰੀ ਵੀ ਰਾਜ ਸਰਕਾਰ ਸੰਭਾਲ ਸਕਦੀ ਹੈ।

ਇਸ ਤੋਂ ਪਹਿਲਾਂ ਸੁਖਪਾਲ ਸਿੰਘ ਖਹਿਰਾ ਨੇ ਦੋਸ਼ ਲਾਇਆ ਸੀ ਕਿ ਪੰਜਾਬ ਦੀ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦਾ ਨੇੜਲੇ ਪਿੰਡ ਦੀ ਕਰੀਬ 13 ਏਕੜ ਜ਼ਮੀਨ ਉੱਤੇ ਕਬਜ਼ਾ ਹੈ, ਜਿਸ ਦੀ ਕੀਮਤ ਕਰੀਬ 100 ਕਰੋੜ ਰੁਪਏ ਹੈ।ਉਨ੍ਹਾਂ ਦੋਸ਼ ਲਾਇਆ ਸੀ ਕਿ ਯੂਨੀਵਰਸਿਟੀ ਨੇ ਸਾਜ਼ਿਸ਼ ਹੇਠ ਜ਼ਮੀਨ ਉੱਤੇ ਕਬਜ਼ਾ ਕੀਤਾ ਅਤੇ ਪੰਚਾਇਤ ਉੱਤੇ ਦਬਾਅ ਪਾ ਕੇ ਆਪਣੇ ਨਾਂ ਕਰਵਾ ਲਈ।ਲਵਲੀ ਯੂਨੀਵਰਸਿਟੀ ਦੇ ਪ੍ਰਬੰਧਕਾਂ ਨੇ ਕਿਹਾ ਕਿ ਪਿੰਡ ਹਰਦਾਸਪੁਰ ਦੀ ਛੇ ਕਨਾਲ 19 ਮਰਲੇ ਜ਼ਮੀਨ ਬਾਰੇ ਬਿਨਾਂ ਜਾਂਚ ਤੋਂ ਇਸ ਦੇ ਨਾਂ ਉਛਾਲਿਆ ਗਿਆ ਹੈ। ਇਹ ਜ਼ਮੀਨ ਗੁਰਦੁਆਰਾ ਸਾਹਿਬ ਕੋਲ ਹੈ,ਸਾਡਾ ਇਸ ਨਾਲ ਲੈਣਾ-ਦੇਣਾ ਨਹੀਂ, ਗੁਰਦੁਆਰਾ ਕਮੇਟੀ ਨੇ 26 ਹਜ਼ਾਰ ਰੁਪਏ ਦੇ ਠੇਕੇ ਉੱਤੇ ਕਿਸੇ ਨੂੰ ਖੇਤੀ ਲਈ ਦਿੱਤੀ ਹੈ।

## ਅੱਜ ਨਾਮਾ >>

ਸੁਣਿਆ ਈ ਹੋਣਾ ਪੰਜਾਬ ਵਿੱਚ ਖੇਡ ਮੇਲਾ,
ਕਰਾਵਣ ਲੱਗੀ ਹੈ ਪੰਜਾਬ ਸਰਕਾਰ ਮੀਆਂ।
ਪਹਿਲਿਆਂ ਮੇਲਿਆਂ ਤੋਂ ਵੱਖਰਾ ਹੋਊ ਮੇਲਾ,
ਹੋਊ ਖਿਡਾਰੀਆਂ ਦੀ ਬੜੀ ਭਰਮਾਰ ਮੀਆਂ।
ਖਿਡਾਰੀ ਆਉਣਗੇ ਸਾਰੇ ਇਸ ਰਾਜ ਵਿੱਚੋਂ,
ਜਾਣਾ ਦਿੱਤਾ ਬਈ ਮਾਣ-ਸਤਿਕਾਰ ਮੀਆਂ।
ਪਹਿਲਾਂ ਮਾਰੀਆਂ ਮੱਲਾਂ ਬਈ ਜਿਹੜਿਆਂ ਨੇ,
ਸੱਦਣਾ ਬਜ਼ੁਰਗੀ ਦਾ ਪੂਰਾ ਪਰਵਾਰ ਮੀਆਂ।
ਇੱਕੋ ਈ ਗੱਲ ਦਾ ਫਿਕਰ ਆ ਸਾਰਿਆਂ ਨੂੰ,
ਕਾਲਾ ਲੱਗੇ ਨਹੀਂ ਕਿਤੇ ਕੋਈ ਦਾਗ ਮੀਆਂ।
ਭ੍ਰਿਸ਼ਟਾਚਾਰ ਪਿਆ ਫੈਲਿਆ ਚਹੁੰ ਤਰਫੀਂ,
ਬਚ ਜਾਏ ਪਹੁੰਚਣੋਂ ਓਸ ਦੀ ਲਾਗ ਮੀਆਂ।

**ਤੀਸ ਮਾਰ ਖਾਂ**

# ਜਸਟਿਸ ਉਦੈ ਉਮੇਸ਼ ਲਲਿਤ ਭਾਰਤ ਦੇ ਨਵੇਂ ਚੀਫ਼ ਜਸਟਿਸ ਬਣੇ

ਨਵੀਂ ਦਿੱਲੀ, 10 ਅਗਸਤ, (ਪੋਸਟ ਬਿਊਰੋ)- ਜਸਟਿਸ ਉਦੈ ਉਮੇਸ਼ ਲਲਿਤ ਨੂੰ ਅੱਜ ਭਾਰਤ ਦੇ 49ਵੇਂ ਚੀਫ਼ ਜਸਟਿਸ ਨਿਯੁਕਤ ਕੀਤਾ ਗਿਆ ਹੈ।ਖਬਰ ਏਜੰਸੀ ਦੀ ਰਿਪੋਰਟ ਮੁਤਾਬਕ ਇਸ ਦਾ ਨੋਟੀਫਿਕੇਸ਼ਨ ਜਾਰੀ ਹੋ ਗਿਆ ਹੈ। ਇਸ ਤੋਂ ਪਹਿਲਾਂਮੌਜੂਦਾ ਚੀਫ ਜਸਟਿਸ ਐਨਵੀ ਰਾਮੰਨਾ ਨੇ ਕੇਂਦਰੀ ਕਾਨੂੰਨ ਮੰਤਰੀ ਨੂੰ ਅਗਲੇ ਮੁੱਖ ਜੱਜਲਈ ਜਸਟਿਸ ਉਦੈ ਉਮੇਸ਼ ਲਲਿਤ ਦੇ ਨਾਂਅ ਦੀ ਸਿਫ਼ਾਰਸ਼ ਕੀਤੀ ਸੀ। ਜਸਟਿਸ ਉਦੈ ਉਮੇਸ਼ ਲਲਿਤ ਦਾ ਕਾਰਜਕਾਲ ਤਿੰਨ ਮਹੀਨੇ ਤੋਂ ਵੀ ਘੱਟ ਹੋਵੇਗਾ ਅਤੇ ਉਹ 8 ਨਵੰਬਰ ਨੂੰ 65 ਸਾਲ ਦੇ ਹੋ ਕੇ ਰਿਟਾ-ਇਰ ਹੋ ਜਾਣਗੇ।

ਮਿਲੀ ਸੂਚਨਾ ਅਨੁਸਾਰ ਅੱਜ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵੱਲੋਂ ਨਿਯੁਕਤੀ ਦੇ ਵਾਰੰਟ ਉੱਤੇਦਸਖਤ ਕੀਤੇ ਜਾਣ ਨਾਲ ਜਸਟਿਸ ਯੂ ਯੂ ਲਲਿਤ ਨੂੰ 49ਵੇਂ ਚੀਫ਼ ਜਸਟਿਸ ਨਿਯੁਕਤ ਕੀਤਾ ਗਿਆ ਹੈ। ਉਹ 27 ਅਗਸਤ ਨੂੰ ਜਸਟਿਸ ਐਨਵੀ ਰਾਮੰਨਾ ਦੀ ਸੇਵਾ ਮੁਕਤੀ ਵੇਲੇਚਾਰਜ ਸੰਭਾਲਣਗੇ। ਜਸਟਿਸ ਲਲਿਤ ਇਸ ਅਹੁਦੇ ਉੱਤੇ



ਨਿਯੁਕਤ ਹੋਏ ਦੂਸਰੇ ਜੱਜ ਹਨ, ਜਿਨ੍ਹਾਂ ਨੂੰ ਬਾਰ ਤੋਂ ਸਿੱਧੇ ਸੁਪਰੀਮ ਕੋਰਟ ਦੇ ਬੈਂਚ ਵਿੱਚ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਤੋਂ ਪਹਿਲਾਂਜਸਟਿਸ ਐਸਐਮ ਸੀਕਰੀ ਪਹਿਲੇ ਵਕੀਲ ਸਨ, ਜੋ 1971 ਵਿੱਚ ਦੇਸ਼ ਦੇ 13ਵੇਂ ਚੀਫ਼ ਜਸਟਿਸ ਬਣੇ ਸਨ।

9 ਨਵੰਬਰ 1957 ਨੂੰ ਜਨਮੇ ਜਸਟਿਸ ਯੂ ਯੂ ਲਲਿਤ ਨੇ 1983 ਵਿੱਚ ਵਕਾਲਤ ਸ਼ੁਰੂ ਕੀਤੀ ਸੀ। ਉਨ੍ਹਾਂ 1985 ਤੱਕ ਬੰਬੇ ਹਾਈ ਕੋਰਟ ਵਿੱਚ ਪ੍ਰੈਕਟਿਸ ਕੀਤੀ ਤੇ ਜਨਵਰੀ 1986 ਵਿੱਚ ਦਿੱਲੀ ਵਿੱਚ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਉਨ੍ਹਾਂ ਨੂੰ 13 ਅਗਸਤ 2014 ਨੂੰ ਸੁਪਰੀਮ ਕੋਰਟ ਦਾ ਜੱਜਬਣਾਇਆ ਗਿਆ ਅਤੇਉਹ ਸੁਪਰੀਮ ਕੋਰਟ ਦੇ ਉਸ ਬੈਂਚ ਵਿੱਚ ਸਨ, ਜਿਸ ਨੇ ਅਗਸਤ 2017 ਵਿੱਚ ਤਿੰਨ ਤਲਾਕ ਨੂੰ ਗ਼ੈਰ-ਸੰਵਿਧਾਨਕ ਕਰਾਰ ਦਿੱਤਾ ਸੀ। ਉਨ੍ਹਾਂ ਦੀ ਅਗਵਾਈ ਵਾਲੇ ਬੈਂਚ ਨੇ ਤ੍ਰਾਵਣਕੋਰ ਦੇ ਓਦੋਂ ਦੇ ਸ਼ਾਹੀ ਪਰਿਵਾਰ ਨੂੰ ਕੇਰਲ ਦੇ ਸ੍ਰੀ ਪਦਮਨਾਭਸਵਾਮੀ ਮੰਦਰ ਦਾ ਪ੍ਰਬੰਧ ਕਰਨ ਲਈ ਅਧਿਕਾਰ ਦਿੱਤਾ ਸੀ। ਉਨ੍ਹਾਂ ਦੀ ਅਗਵਾਈ ਵਾਲੀ ਬੈਂਚ ਨੇ ਪੋਕਸੋ ਐਕਟ ਦੇ ਤਹਿਤ 'ਸਕਿਨ-ਟੂ-ਸਕਿਨ' ਸੰਪਰਕਬਾਰੇ ਮੁੰਬਈ ਹਾਈ ਕੋਰਟ ਦੇ ਵਿਵਾਦਤ ਫੈਸਲੇ ਨੂੰ ਰੱਦ ਕੀਤਾ ਸੀ।


# ਕਾਮਰੇਡ ਬਲਵਿੰਦਰ ਕਤਲ ਕੇਸ: ਪੁਲਸ ਵੱਲੋਂ ਲੋੜੀਂਦਾ ਦੋਸ਼ੀ ਦੋ ਸਾਥੀਆਂ ਸਮੇਤ ਗ੍ਰਿਫਤਾਰ

ਤਰਨ ਤਾਰਨ, 10 ਅਗਸਤ (ਪੋਸਟ ਬਿਊਰੋ)-ਸ਼ੌਰਿਆ ਚੱਕਰ ਐਵਾਰਡੀ ਕਾਮਰੇਡ ਬਲਵਿੰਦਰ ਸਿੰਘ ਸੰਧੂ ਦੇ ਕਤਲ ਕੇਸ ਵਿੱਚ ਲੋੜੀਂਦੇ ਮੁਲਜ਼ਮ ਗੁਰਵਿੰਦਰ ਸਿੰਘ ਉਰਫ ਬਾਬਾ ਉਰਫ ਰਾਜਾ ਨੂੰ ਵੈਰੋਵਾਲ ਪੁਲਸ ਨੇ ਕੱਲ੍ਹ ਪਿੰਡ ਨਾਗੋਕੇ ਦੇ ਘਰਾਟਾਂ ਉੱਤੇ ਉਸ ਦੇ ਦੋ ਸਾਥੀਆਂ ਸਮੇਤਫੜਿਆ ਹੈ। ਉਸ ਦੇ ਸਾਥੀਆਂ ਦੀ ਪਛਾਣ ਸੰਦੀਪ ਸਿੰਘ ਉਰਫ ਕਾਲਾ ਵਾਸੀ ਅਵਾਣ (ਅੰਮ੍ਰਿਤਸਰ) ਅਤੇ ਗੁਰਪ੍ਰੀਤ ਸਿੰਘ ਉਰਫ ਰੰਧਾਵਾ ਵਾਸੀ ਬਟਾਲਾ ਵਜੋਂ ਹੋਈ ਹੈ। ਮੁਲਜ਼ਮਾਂ ਕੋਲੋਂ ਇੱਕ ਹੈਂਡ ਗਰਨੇਡ, ਆਰ ਡੀ ਐਕਸ-ਆਈ ਈ ਡੀ, ਦੋ ਪਿਸਤੌਲ, ਮੈਗਜ਼ੀਨ ਅਤੇ 13 ਕਾਰਤੂਸ, 635 ਗਰਾਮ ਹੈਰੋਇਨ, 100 ਗਰਾਮ ਅਫੀਮ, 36.90 ਲੱਖ ਰੁਪਏ ਦੀ ਡਰੱਗ ਮਨੀ ਅਤੇ ਇੱਕੋ ਲਾਂਸਰ ਕਾਰ ਮਿਲੀ ਹੈ। ਫਿਰੋਜ਼ਪੁਰ ਰੇਂਜ ਦੇ ਇੰਸਪੈਕਟਰ ਜਨਰਲ ਜਸਕਰਨ ਸਿੰਘ ਨੇ ਪ੍ਰੈਸ ਕਾਨਫਰੰਸ ਮੌਕੇ ਦੱਸਿਆ ਕਿ ਐਨ ਆਈ ਏ ਵੱਲੋਂ ਭਗੌੜਾ ਕਰਾਰ ਦਿੱਤੇ ਗੁਰਵਿੰਦਰ ਸਿੰਘ ਉਰਫ ਬਾਬਾ ਨੇ ਨਿਸ਼ਾਨੇਬਾਜ਼ਾਂ ਨੂੰ ਹਥਿਆਰ ਦੇ ਕੇ ਕਾਮਰੇਡ ਬਲਵਿੰਦਰ ਸਿੰਘ ਸੰਧੂ ਦੀ ਹੱਤਿਆ ਕਰਵਾਈ ਸੀ। ਗੁਰਵਿੰ-ਦਰ ਬਾਬਾ ਅਸਲ ਵਿੱਚ ਗੈਂਗਸਟਰਾਂ ਸੁਖਪ੍ਰੀਤ ਸਿੰਘ ਉਰਫ ਹੈਰੀ ਚੱਠਾ ਤੇ ਸੁਖਮੀਤਪਾਲ ਸਿੰਘ ਉਰਫ ਸੁੱਖ ਭਿਖਾਰੀਵਾਲ ਦਾ ਸਾਥੀ ਹੈ, ਜੋ ਕਾਮਰੇਡ ਬਲਵਿੰਦਰ ਸਿੰਘ ਕਤਲ ਕੇਸ ਦੇ ਸ਼ੱਕੀ ਹਨ। ਪੁਲਸ ਅਧਿਕਾਰੀਆਂ ਮੁਤਾਬਕ ਬਰਾਮਦ ਕੀਤੇਧਮਾਕਾਖੇਜ਼ ਸਮੱਗਰੀ ਅਤੇ ਹਥਿਆਰ ਤੇ ਗੋਲਾ ਬਰੂਦ ਦੀ ਵਰਤੋਂ ਸ਼ਾਂਤੀ ਤੇ ਸਦਭਾਵਨਾ ਭੰਗ ਕਰਨ ਅਤੇ ਪੰਜਾਬ ਵਿੱਚ ਸੁਤੰਤਰਤਾ ਮੌਕੇ ਦਹਿਸ਼ਤ ਪੈਦਾ ਕਰਨ ਲਈ ਕੀਤੀ ਜਾਣੀ ਸੀ।

# 33 ਸਕੂਲਾਂ ਦੀ ਮਾਨਤਾ ਰੱਦ ਕਰਨ ਉੱਤੇ ਹਾਈ ਕੋਰਟ ਨੇ ਰੋਕ ਲਾਈ

ਮੋਹਾਲੀ, 10 ਅਗਸਤ, (ਪੋਸਟ ਬਿਊਰੋ)- ਜਾਅਲੀ ਦਾਖ਼ਲੇ ਕਰਨ ਦੇ ਦੋਸ਼ ਹੇਠ 33 ਸਕੂਲਾਂ ਦੀ ਮਾਨਤਾ ਰੱਦ ਕਰਨ ਤੇ ਪੰਜਾਬ ਸਕੂਲਸਿੱਖਿਆ ਬੋਰਡ ਨੂੰ 66.25 ਲੱਖ ਰੁਪਏ ਜੁਰਮਾਨਾ ਕਰਨ ਦੇ ਪੰਜਾਬ ਸਰਕਾਰ ਦੇ ਹੁਕਮਾਂ ਉੱਤੇਹਾਈ ਕੋਰਟ ਨੇ ਰੋਕ ਲਾ ਦਿੱਤੀ ਅਤੇ ਸਟੇਅ ਆਰਡਰ ਜਾਰੀ ਕਰਕੇ ਨੋਟਿਸ ਜਾਰੀ ਕੀਤਾ ਹੈ।

ਮਾਨਤਾ ਪ੍ਰਾਪਤ ਸਕੂਲ ਐਸੋਸੀਏਸ਼ਨ (ਰਾਸਾ) ਯੂ ਕੇ ਦੇ ਚੇਅਰਮੈਨ ਹਰਪਾਲ ਸਿੰਘ ਨੇ ਅੱਜ ਏਥੇ ਦੱਸਿਆ ਕਿ ਤਰਨਤਾਰਨ ਜ਼ਿਲੇ ਦੇ ਖੇਮਕਰਨ ਵਿਖੇ 2018 ਵਿੱਚ 12ਵੀਂ ਦੀ ਸਾਲਾਨਾ ਪ੍ਰੀਖਿਆ ਮੌਕੇਜ਼ਿਲਾ ਪ੍ਰਸ਼ਾਸਨ ਅਤੇ ਸਿੱਖਿਆ ਅਧਿਕਾਰੀਆਂਨੇ ਜਾਅਲੀ ਦਾਖ਼ਲੇ ਕਰਨ ਦੇ ਦੋਸ਼ਹੇਠ ਸਕੂਲ ਦੀ ਮਾਨਤਾ ਰੱਦ ਕਰਨ ਦੇ ਹੁਕਮ ਕੀਤੇ ਸਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਪੰਜਾਬ ਸਕੂਲਸਿੱਖਿਆ ਬੋਰਡ ਦੇ ਹੁਕਮਾਂ ਵਿਰੁੱਧ ਉਨ੍ਹਾਂ ਦੀ ਸੰਸਥਾ ਨਾਸਾ ਨੇ ਐਡਵੋਕੇਟ ਗੁਰਵਿੰਦਰ ਸਿੰਘ ਅਤੇ ਡੀਐਸ ਗਾਂਧੀ ਰਾਹੀਂ ਹਾਈ ਕੋਰਟ




ਵਿੱਚ ਚੁਣੌਤੀ ਦਿੱਤੀ ਸੀ। ਉਨ੍ਹਾਂ ਅਦਾਲਤ ਨੂੰ ਕਿਹਾ ਸੀ ਕਿ ਪੰਜਾਬ ਸਕੂਲਸਿੱਖਿਆ ਬੋਰਡ ਵੱਲੋਂ ਇਨ੍ਹਾਂ ਸਕੂਲਾਂ ਨੂੰ ਡੰਮੀ ਦਾਖ਼ਲਿਆਂਬਾਰੇ 6625 ਲੱਖ ਰੁਪਏ ਦਾ ਜੁਰਮਾਨਾ ਤੇ 3 ਸਾਲਾਂ ਲਈ ਮਾਨਤਾ ਰੱਦ ਕਰਨ ਦੇ ਹੁਕਮ ਗ਼ਲਤ ਹਨ, ਇਸ ਲਈ ਸਕੂਲਾਂ ਨੂੰ ਰਾਹਤਦਿੱਤੀ ਜਾਵੇ। ਉਨ੍ਹਾਂ ਦੱਸਿਆ ਕਿ ਦੋਵਾਂ ਧਿਰਾਂ ਦੀਆਂ ਦਲੀਲਾਂ ਪਿੱਛੋਂ ਅਦਾਲਤ ਨੇ ਸਿੱਖਿਆ ਬੋਰਡ ਦੇ ਹੁਕਮਾਂ ਉੱਤੇ ਰੋਕ ਲਾ ਦਿੱਤੀ ਹੈ।

ਵਰਣਨ ਯੋਗ ਹੈ ਕਿ ਸਾਲ 2018 ਵਿੱਚ ਪੰਜਾਬ ਸਰਕਾਰ ਨੇ ਜ਼ਿਲਾ ਤਰਨਤਾਰਨ ਵਿੱਚ 33 ਪ੍ਰਾਈਵੇਟ ਸਕੂਲਾਂ ਵਿੱਚ ਨਕਲੀ ਦਾਖਲਿਆਂ ਦਾ ਪਰਦਾਫਾਸ਼ ਕੀਤਾ ਸੀ। ਇਸ ਦੀ ਜਾਂਚ ਸੇਵਾਮੁਕਤ ਐਡੀਸ਼ਨਲ ਜ਼ਿਲਾ ਅਤੇ ਸੈਸ਼ਨ ਜੱਜਨੇ ਕੀਤੀ ਸੀ, ਜਿਸ ਦੀ ਰਿਪੋਰਟਵਿੱਚ ਜਾਅਲੀ ਦਾਖ਼ਲੇ ਕਰਨ ਦੇ ਦੋਸ਼ੀ ਨਿਕਲੇ 33 ਪ੍ਰਾਈਵੇਟ ਸਕੂਲਾਂ ਦੀ ਮਾਨਤਾ 3 ਸਾਲ ਲਈ ਰੱਦ ਕਰਨ ਦੇ ਹੁਕਮ ਦਿੱਤੇ ਗਏ ਸਨ। ਇਸ ਬਾਰੇਸਿੱਖਿਆ ਬੋਰਡ ਦੀ ਮਾਨਤਾ ਪ੍ਰਾਪਤ ਸ਼ਾਖਾ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਖਿਲਾਫ਼ ਵੀ ਸਖ਼ਤ ਕਾਰਵਾਈ ਦੇ ਹੁਕਮ ਜਾਰੀ ਕੀਤੇ ਗਏ। ਜਾਂਚ ਰਿਪੋਰਟ ਵਿੱਚਇਹ ਭੇਦ ਖੁੱਲ੍ਹਾ ਕਿ ਬਾਹਰਲੇ ਜ਼ਿਲ੍ਹਿਆਂ ਤੇ ਰਾਜਾਂ ਤੋਂ ਵੱਡੀ ਗਿਣਤੀ ਵਿਦਿਆਰਥੀਆਂ ਨੂੰ ਓਪਨ ਅਤੇ ਰੈਗੂਲਰ ਦਾਖ਼ਲੇ ਦਿੱਤੇ ਗਏ ਸਨ। ਇਸ ਬਾਰੇ 25 ਜੂਨ 2018 ਨੂੰ ਸਿੱਖਿਆ ਬੋਰਡ ਦੀ ਮੀਟਿੰਗ ਵਿੱਚ ਫੈਸਲਾ ਹੋਇਆ ਕਿ ਇਨ੍ਹਾਂ ਸਕੂਲਾਂ ਨੂੰ ਪ੍ਰਤੀ ਪ੍ਰੀਖਿਆਰਥੀ 25000 ਰੁਪਏ ਜੁਰਮਾਨਾ ਕੀਤਾ ਜਾਵੇ। ਇਨ੍ਹਾਂ ਸਕੂਲਾਂ ਨੇ ਜੁਰਮਾਨਾ ਮਾਫ਼ ਕਰਨ ਦੀ ਅਪੀਲ ਵੀ ਕੀਤੀ ਸੀ, ਜਿਸ ਉੱਤੇ ਬੋਰਡ ਨੇ ਜੁਰਮਾਨੇ ਦੀ ਰਕਮ 3 ਕਿਸ਼ਤਾਂ ਵਿੱਚ ਜਮ੍ਹਾ ਕਰਵਾਉਣ ਦੀ ਰਾਹਤ ਦਿੱਤੀ ਸੀ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਆਨੰਦਪੁਰ ਸਾਹਿਬ ਦਾ ਨਾਇਬ ਤਸੀਲਦਾਰ ਵਿਜੀਲੈਂਸ ਵੱਲੋਂ ਗ੍ਰਿਫ਼ਤਾਰ

ਚੰਡੀਗੜ੍ਹ, 10 ਅਗਸਤ, (ਪੋਸਟ ਬਿਊਰੋ)- ਵਿਜੀਲੈਂਸ ਬਿਊਰੋ ਨੇ ਨਾਇਬ ਤਹਿਸੀਲਦਾਰਆਨੰਦਪੁਰ ਸਾਹਿਬ ਰਘਬੀਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਉੱਤੇ ਦੋਸ਼ ਹੈ ਕਿ ਉਸਨੇ ਕੁਝ ਲੋਕਾਂ ਨਾਲ ਮਿਲਕੇ ਜ਼ਿਲ੍ਹਾ ਰੂਪਨਗਰ ਦੇਪਿੰਡ ਕਰੂਰਾ ਵਿਖੇ 54 ਏਕੜ ਪਹਾੜੀ ਜ਼ਮੀਨ ਦੀ ਰਜਿਸਟਰੀ ਸਰਕਾਰ ਨੂੰ ਕੁਲੈਕਟਰ ਰੇਟ ਤੋਂ ਵੱਧ ਕੀਮਤ ਉੱਤੇਕਰਵਾਈ ਤੇ ਸਰਕਾਰੀ ਖਜ਼ਾਨੇ ਨੂੰ 48 ਕਰੋੜ ਰੁਪਏ ਦਾ ਚੂਨਾ ਲਾਇਆ ਹੈ।

ਇਸ ਬਾਰੇ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਥਾਣਾ ਨੂਰਪੁਰਬੇਦੀ ਜ਼ਿਲ੍ਹਾ ਰੂਪਨਗਰ ਵਿਖੇ ਕੇਸ ਮਿਤੀ 28 ਜੂਨ 2022 ਪਹਿਲਾਂ ਹੀ ਉਕਤ ਨਾਇਬ ਤਹਿਸੀਲਦਾਰ ਅਤੇ ਹੋਰ ਲੋਕਾਂ ਖਿਲਾਫ ਦਰਜ ਹੋ ਚੁੱਕਾ ਸੀ, ਜਿਸ ਦੀ ਜਾਂਚ ਵਿਜੀਲੈਂਸ ਕਰ ਰਹੀ ਸੀ। ਉਨ੍ਹਾਂ ਕਿਹਾ ਕਿ ਪਿੰਡ ਕਰੂਰਾ, ਅਨੰਦਪੁਰ ਸਾਹਿਬ ਵਿਖੇ ਪਹਾੜ, ਨਦੀ, ਟਿੱਬਾ, ਚੋਅ, ਚੰਗਰ ਟਿੱਬਾ, ਦਰਾਰ ਆਦਿ ਦਾ 54 ਏਕੜ ਰਕਬਾ ਕਰੂਰਾ ਪਿੰਡ ਵਾਸੀਆਂ ਦੇ ਨਾਂਅ ਸੀ ਅਤੇ ਇਸ ਨੂੰ ਪੰਜਾਬ ਰਾਜ ਜੰਗਲਾਤ ਕਾਰਪੋਰੇਸ਼ਨ ਐੱਸ ਏ ਐੱਸ ਨਗਰ ਨੇ ਖਰੀਦਣਾ ਸੀ। ਇਸ ਬਾਰੇਓਥੋਂਡ ਦੀ ਜ਼ਮੀਨ ਦੀ ਇੰਸਪੈਕਸ਼ਨ ਲਈ ਇਕ ਕਮੇਟੀ ਬਣਾਈ ਸੀ, ਜਿਸ ਵਿੱਚ ਅਮਿਤ ਚੌਹਾਨ ਵਣ ਮੰਡਲ ਅਫਸਰ ਰੂਪਨਗਰ, ਜੁਗਰਾਜ ਸਿੰਘ ਰੀਜਨਲ ਮੈਨੇਜਰ ਮੋਹਾਲੀ, ਅਮਰਜੀਤ ਸਿੰਘ ਪਟਵਾਰੀ, ਨੁਮਾਇੰਦਾ ਦਫਤਰ ਐੱਸਡੀਐੱਮ ਸ੍ਰੀ ਅਨੰਦਪੁਰ ਸਾਹਿਬ, ਜਸਪਾਲ ਸਿੰਘ ਰੇਂਜ ਅਫਸਰ ਬਲਾਕ ਨੂਰਪੁਰਬੇਦੀ, ਨਰਿੰਦਰ ਸਿੰਘ ਤੇ ਰਾਜੇਸ਼ ਕੁਮਾਰ ਦੋਵੇਂ ਵਣ ਗਾਰਡ, ਰਾਮਪਾਲ ਸਿੰਘ ਸਰਪੰਚ ਪਿੰਡ ਕਰੂਰਾ ਤੇ ਯੁਗੇਸ਼ ਕੁਮਾਰ ਮੈਂਬਰ ਸਨ।ਬੁਲਾਰੇ ਨੇ ਦੱਸਿਆ ਕਿ ਦੋ ਜਣਿਆਂ ਦਲਜੀਤ ਸਿੰਘ ਭਿੰਡਰ ਤੇ ਅਮਰਿੰਦਰ ਸਿੰਘ ਭਿੰਡਰ ਨੇ ਸਾਜ਼ਿਸ਼ ਤਹਿਤ ਕੁਲੈਕਟਰ ਰੇਟ 90,000 ਰੁਪਏ ਦੀ ਜ਼ਮੀਨ ਪੰਜਾਬ ਜੰਗਲਾਤ ਕਾਰਪੋਰੇਸ਼ਨ ਲਿਮਟਿਡ ਨੂੰ 9,90,000 ਰੁਪਏ ਏਕੜ ਦੇ ਹਿਸਾਬ ਵੇਚ ਦਿੱਤੀ ਤੇ ਇਸ ਨਾਲ ਸਰਕਾਰ ਨੂੰ 48 ਕਰੋੜ ਰੁਪਏ ਦਾ ਚੂਨਾ ਲਾਇਆ। ਵਿਜੀਲੈਂਸ ਜਾਂਚ ਦੌਰਾਨ ਪਤਾ ਲੱਗਾ ਕਿ ਕਾਰਪੋਰੇਸ਼ਨ ਨੂੰ ਵੇਚੀ ਜ਼ਮੀਨ 54 ਏਕੜ ਦੀ ਥਾਂ ਕਰੀਬ 46 ਏਕੜ ਸੀ। ਦਸਤਾਵੇਜ਼ਾਂ ਤੋਂ ਪਤਾ ਲੱਗਾ ਕਿ ਇਹ ਰਜਿਸਟਰੀ ਵੀ ਰਘਬੀਰ ਸਿੰਘ ਨਾਇਬ ਤਹਿਸੀਲਦਾਰ ਨੇ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਨੂਰਪੁਰਬੇਦੀ ਤਹਿਸੀਲ ਵਿੱਚ ਜਾ ਕੇ ਕੀਤੀ ਅਤੇ 01 ਸਤੰਬਰ 2020 ਨੂੰ ਵਸੀਕਾ ਦਰਜ ਕੀਤਾ ਸੀ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚਪਿੱਛੋਂ ਇਸ ਕੇਸਵਿੱਚ ਰਘਵੀਰ ਸਿੰਘ ਨਾਇਬ ਤਹਿਸੀਲਦਾਰ ਨੂੰ ਗ੍ਰਿਫਤਾਰ ਕਰ ਲਿਆ ਹੈ।

# ਪਾਕਿਸਤਾਨੀ ਹਥਿਆਰਾਂ ਨਾਲ ਫੜਿਆ ਬਦਮਾਸ਼ ਜ਼ਮਾਨਤ ਦਾ ਹੱਕਦਾਰ ਨਹੀਂ: ਹਾਈ ਕੋਰਟ

ਚੰਡੀਗੜ੍ਹ, 10 ਅਗਸਤ (ਪੋਸਟ ਬਿਊਰੋ)- ਪਾਕਿਸਤਾਨੀ ਹਥਿਆਰਾਂ ਨਾਲ ਰੰਗੇ ਹੱਥ ਫੜੇ ਗੈਂਗਸਟਰ ਗੁਰਪ੍ਰੀਤ ਸਿੰਘ ਉਰਫ ਗੋਰਾ, ਜੋ ਕਈ ਅਪਰਾਧਕ ਕੇਸਾਂ ਦਾ ਦੋਸ਼ੀ ਹੈ, ਦੀ ਜ਼ਮਾਨਤ ਰੱਦ ਕਰਦੇ ਹੋਏ ਹਾਈ ਕੋਰਟ ਨੇ ਕਿਹਾ ਕਿ ਉਸ ਉੱਤੇ ਜਿੰਦਾਂ ਦਾ ਦੋਸ਼ ਹੈ ਅਤੇ ਜੋ ਪਾਕਿਸਤਾਨੀ ਹਥਿਆਰਾਂ ਨਾਲ ਗ੍ਰਿਫਤਾਰ ਕੀਤਾ ਗਿਆ ਹੈ, ਉਹ ਕਿਸੇ ਵੀ ਸੂਰਤ ਵਿੱਚ ਇਸ ਕੇਸ ਵਿੱਚ ਜ਼ਮਾਨਤ ਦਾ ਹੱਕਦਾਰ ਨਹੀਂ ਹੈ। ਜਸਟਿਸ ਗੁਰਵਿੰਦਰ ਸਿੰਘ ਗਿੱਲ ਨੇ ਇਹ ਹੁਕਮ ਕਈ ਅਪਰਾਧਕ ਕੇਸਾਂ ਦੇ ਦੋਸ਼ੀ ਗੁਰਪ੍ਰੀਤ ਸਿੰਘ ਉਰਫ ਗੋਰਾ ਦੀ ਜ਼ਮਾਨਤ ਦੀ ਮੰਗ ਬਾਰੇਪੇਸ਼ ਅਰਜ਼ੀ ਰੱਦ ਕਰਦੇ ਹੋਏ ਦਿੱਤੇ ਹਨ। ਉਸ ਨੂੰ ਪੁਲਸ ਨੇ 13 ਜੁਲਾਈ 2020 ਇੱਕ ਖੁਫੀਆ ਸੂਚਨਾ ਉੱਤੇ ਗ੍ਰਿਫਤਾਰ ਕੀਤਾ ਸੀ। ਉਸ ਉੱਤੇ ਦੋਸ਼ ਹੈ ਕਿ ਉਹ ਕਈ ਅਪਰਾਧਕ ਕੇਸਾਂ ਵਿੱਚ ਭਗੌੜਾ ਹੈ ਅਤੇ ਉਸ ਦਾ ਇੱਕ ਸਾਥੀ ਜੇਲ੍ਹ ਵਿੱਚ ਹੈ। ਉਸ ਨੇ ਕਈ ਹੋਰਨਾਂ ਨਾਲ ਮਿਲ ਕੇ ਗੈਂਗ ਬਣਾਇਆ ਸੀ ਤੇ ਉਸ ਦੇ ਪਾਕਿਸਤਾਨੀ ਸਮੱਗਲਰਾਂ ਨਾਲ ਵੀ ਸੰਬੰਧ ਹਨ ਅਤੇ ਉਹ ਵੱਡੀ ਮਾਤਰਾ ਵਿੱਚ ਆਟੋਮੈਟਿਕ ਹਥਿਆਰਾਂ ਦੀ ਸਮੱਗਲਿੰਗ ਕਰ ਚੁੱਕੇ ਹਨ ਅਤੇ ਫਿਰੌਤੀ ਦੇ ਧੰਦੇ ਵਿੱਚ ਸ਼ਾਮਲ ਹਨ। ਉਸ ਨੂੰ ਉਸ ਦੇ ਇੱਕ ਹੋਰ ਸਾਥੀ ਜਰਮਨਜੀਤ ਸਿੰਘ ਨਾਲ ਗ੍ਰਿਫਤਾਰ ਕੀਤਾ ਗਿਆ ਸੀ, ਤਦ ਵੀ ਉਸ ਤੋਂ ਇੱਕ 12 ਬੋਰ ਦੀ ਰਾਈਫਲ, ਦੋ ਪਾਕਿਸਤਾਨੀ ਪਿਸਤੌਲ, ਇੱਕ 455 ਬੋਰ ਦੀ ਰਿਵਾਲਵਰ ਅਤੇ 43 ਕਾਰਤੂਸ ਮਿਲੇ ਸਨ।ਇਸ ਬਾਰੇ ਦੋਸ਼ੀ ਨੇ ਪਹਿਲਾਂ ਜ਼ਿਲ੍ਹਾ ਅਦਾਲਤ ਤੋਂ ਰੈਗੂਲਰ ਜ਼ਮਾਨਤ ਦੀ ਮੰਗ ਕੀਤੀ ਸੀ, ਜ਼ਿਲ੍ਹਾ ਅਦਾਲਤ ਤੋਂ ਜ਼ਮਾਨਤ ਰੱਦ ਹੋਣ ਦੇ ਬਾਅਦ ਦੋਸ਼ੀ ਨੇ ਹੁਣ ਜ਼ਮਾਨਤ ਦੀ ਮੰਗ ਕੀਤੀ ਸੀ, ਜਿਸ ਨੂੰ ਹਾਈ ਕੋਰਟ ਨੇ ਸਿਰੇ ਤੋਂ ਰੱਦ ਕਰਦੇ ਹੋਏ ਕਿਹਾ ਕਿ ਉਸ ਨੂੰ ਕਿਸੇ ਵੀ ਸੂਰਤ ਵਿੱਚ ਜ਼ਮਾਨਤ ਨਹੀਂ ਦਿੱਤੀ ਜਾ ਸਕਦੀ ਹੈ।

# ਟੈਕਸ ਚੋਰੀ ਦੀਆਂ ਪਰਤਾਂ ਖੁੱਲ੍ਹਣ ਨਾਲ ਅਫਸਰਾਂ ਨੂੰ ਘਾਬਰਾਂ

ਚੰਡੀਗੜ੍ਹ, 10 ਅਗਸਤ (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸੂਬੇ ਵਿਚ ਟੈਕਸ ਚੋਰੀ ਬਾਰੇ ਕੁਝ ਪਰਤਾਂ ਖੋਲ੍ਹਣ ਕਾਰਨ ਆਈ ਏ ਐਸ ਅਤੇ ਆਈ ਪੀ ਐਸ ਅਫਸਰਾਂ ਵਿਚ ਘਬਰਾਹਟ ਦੇਖੀ ਗਈ ਹੈ। ਅੰਬਾਲਾ ਦੇ ਰਾਜਿੰਦਰ ਸਿੰਘ ਸੋਢੀ ਨੂੰ ਗ੍ਰਿਫਤਾਰ ਕਰਨ ਮਗਰੋਂ ਹੋਈ ਜਾਂਚ ਦੌਰਾਨ ਦੋ ਦਰਜਨ ਤੋਂ ਵੱਧ ਅਜਿਹੇ ਲੋਕਾਂ ਦੇ ਨਾਂਅ ਸਾਹਮਣੇ ਆਏ ਹਨ, ਜੋ ਟੈਕਸ ਚੋਰੀ ਦੇ ਮਦਦਗਾਰ ਦਾ ਕੰਮ ਦਹਾਕਿਆਂ ਤੋਂ ਕਰ ਰਹੇ ਹਨ। ਇਨ੍ਹਾਂ ਨਾਲ ਵਿਭਾਗ ਦੇ ਅਫਸਰਾਂ ਦੀ ਗੰਢਤੁੱਪ ਬਾਰੇਤੱਥ ਵਿਜੀਲੈਂਸ ਦੇ ਹੱਥ ਲੱਗਦੇ ਸਾਰ ਇਹ ਵੀ ਖੁਲਾਸਾ ਹੋਇਆ ਕਿ ਆਈ ਏ ਐਸ ਅਤੇ ਆਈ ਪੀ ਐਸ ਅਫਸਰਾਂ ਨਾਲ ਵੀ ਮਦਦਗਾਰਾਂ ਦੇ ਗੂੜ੍ਹੇ ਸੰਬੰਧ ਹਨ। ਵਿਜੀਲੈਂਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਸੋਢੀ ਦੀ ਗ੍ਰਿਫਤਾਰੀ ਪਿੱਛੋਂ ਇੱਕ ਆਈ ਪੀ ਐਸ ਅਧਿਕਾਰੀ ਨੇ ਤਾਂ ਵਿਜੀਲੈਂਸ ਦੇ ਅਫਸਰਾਂ ਤਕ ਪਹੁੰਚ ਕੀਤੀ ਹੈ।

ਵਰਨਣ ਯੋਗ ਹੈ ਕਿ ਵਿਜੀਲੈਂਸ ਵੱਲੋਂ ਟੈਕਸ ਚੋਰੀ ਬਾਰੇਐਕਸਾਈਜ਼ ਤੇ ਟੈਕਸਸੇਸ਼ਨ ਵਿਭਾਗ ਦੇ ਅਫਸਰਾਂ ਅਤੇ ਮਦਦਗਾਰਾਂ ਵਿਰੁੱਧ ਸਾਲ 2020 ਵਿਚ ਕੇਸ ਦਰਜ ਕੀਤਾ ਸੀ। ਓਦੋਂ ਵਿਭਾਗੀ ਅਫਸਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਜਿਨ੍ਹਾਂ ਵਿਚ ਵੱਡੀ ਗਿਣਤੀ ਐਕਸਾਈਜ਼ ਅਤੇ ਟੈਕਸੇਸ਼ਨ ਅਫਸਰ(ਈ ਟੀ ਓ) ਸਨ। ਵੱਡਾ ਤੱਥ ਇਹ ਹੈ ਕਿ ਵਿਜੀਲੈਂਸ ਨੇ ਇਨ੍ਹਾਂ ਈ ਟੀ ਓਜ਼ ਦੇ ਖਿਲਾਫ ਕੇਸ ਅਦਾਲਤ ਵਿਚ ਚਲਾਉਣ ਲਈ ਵਿਭਾਗ ਤੋਂ ਪ੍ਰਵਾਨਗੀ ਮੰਗੀ ਸੀ, ਪਰ ਓਦਾਂ ਦੀ ਲੋੜੀਂਦੀ ਕਾਰਵਾਈ ਵਿਭਾਗ ਨੇ ਨਹੀਂ ਸੀ ਕੀਤੀ। ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਰਾਜਿੰਦਰ ਸਿੰਘ ਸੋਢੀ ਦੀ ਗ੍ਰਿਫਤਾਰੀ ਨਾਲ ਜਿੰਦਾਂ ਦੇ ਤੱਥ ਪਤਾ ਲੱਗੇ ਹਨ, ਉਨ੍ਹਾਂ ਦੇ ਆਧਾਰ ਉੱਤੇਐਕਸਾਈਜ਼ ਅਤੇ ਟੈਕਸਸੇਸ਼ਨਵਿਭਾਗ ਤੋਂ ਈ ਟੀ ਓਜ਼ ਦੇ ਖਿਲਾਫ ਦੋਸ਼ ਪੱਤਰ ਪੇਸ਼ ਕਰਨ ਦੀ ਇਜਾਜ਼ਤ ਮੁੜ ਮੰਗੀ ਜਾਵੇਗੀ।

ਮੀਡੀਆ ਕੋਲ ਮੌਜੂਦ ਦਸਤਾਵੇਜ਼ ਮੁਤਾਬਕ ਰਾਜਿੰਦਰ ਸਿੰਘ ਸੋਢੀ ਨੇ ਪੁੱਛਗਿੱਛ ਦੌਰਾਨ ਮੰਨਿਆ ਕਿ ਲੁਧਿਆਣਾ ਅਤੇ ਗੋਬਿੰਦਗੜ੍ਹ ਵਿਚ ਕਰੀਬ ਪੰਜਾਹ ਮਦਦਗਾਰ (ਪਾਸਰ) ਟੈਕਸ ਚੋਰੀ ਦੇ ਜੁਗਾੜ ਦਾ ਕੰਮ ਕਰਦੇ ਹਨ। ਇਨ੍ਹਾਂ ਦੀ ਫਰਮਾਂ ਅਤੇ ਵਿਭਾਗ ਦੇ ਅਫਸਰਾਂ ਨਾਲ ਸਿੱਧੀ ਗੱਲਬਾਤ ਹੈ। ਸੋਢੀ ਨੇ ਤਫਤੀਸ਼ ਵਿੱਚ ਇਹ ਵੀ ਮੰਨਿਆ ਕਿ ਮਦਦਗਾਰਾਂ ਅਤੇ ਫਰਮਾਂ ਦੀ 'ਮੰਥਲੀ ਫਿਕਸ' ਕਰਾਉਣ ਵਿੱਚ ਵੀ ਉਹ (ਸੋਢੀ) ਅਹਿਮ ਭੂਮਿਕਾ ਨਿਭਾਉਂਦਾ ਸੀ। ਲੁਧਿਆਣਾ ਅਤੇ ਗੋਬਿੰਦਗੜ੍ਹ ਵਿਚ ਫਰਮਾਂ ਵੱਲੋਂ ਬਿਨਾਂ ਬਿੱਲ ਤੋਂ ਦੋ ਨੰਬਰ ਵਿੱਚ ਕੰਮ ਕਰਨ ਅਤੇ ਉਸ ਦਾ ਭੁਗਤਾਨ ਅਫਸਰਾਂ ਨੂੰ ਕਰਨ ਦਾ ਖੁਲਾਸਾ ਵੀ ਉਸ ਨੇ ਕੀਤਾ ਹੈ।ਵਿਜੀਲੈਂਸ ਅਧਿਕਾਰੀਆਂ ਮੁਤਾਬਕ ਜਿੰਦਾਂ ਦਾ ਤਾਣਾ-ਬਾਣਾ ਇਨ੍ਹਾਂ ਮਦਦਗਾਰਾਂ ਅਤੇ ਵਿਭਾਗ ਦੇ ਅਫਸਰਾਂ ਨੇ ਮਿਲੀਭੁਗਤ ਨਾਲ ਬੁਣਿਆ ਸੀ, ਉਸ ਤੋਂ ਮੁੱਢਲੇ ਤੌਰ ਉੱਤੇ ਸਾਲਾਨਾ 300 ਕਰੋੜ ਤੋਂ ਵੱਧ ਦੀ ਟੈਕਸਾਂ ਚੋਰੀ ਹੋਣ ਦਾ ਅੰਦਾਜ਼ਾ ਹੈ। ਇਹ ਕੰਮ ਦਹਾਕਿਆਂ ਤੋਂ ਚੱਲਦਾ ਹੋਣ ਕਾਰਨ ਅੰਦਾਜ਼ਾ ਲੱਗ ਸਕਦਾ ਹੈ ਕਿ ਇਨ੍ਹਾਂ ਮਦਦਗਾਰਾਂ ਨਾਲ ਰਲੇ ਹੋਏ ਅਫਸਰਾਂ ਤੇ ਅਧਿਕਾਰੀਆਂ ਦੀ ਸੂਚੀ ਕਿੰਨੀ ਲੰਮੀ ਹੋਵੇਗੀ।

# ਸੀ ਟੀ ਇੰਸਟੀਚਿਊਟ ਦੇ ਮਾਲਕ, ਪਤਨੀ ਤੇ ਪੁੱਤਰ ਦੇ ਖਿਲਾਫ ਕੇਸ

ਮੋਹਾਲੀ, 10 ਅਗਸਤ (ਪੋਸਟ ਬਿਊਰੋ)- ਐਨ ਆਰ ਆਈ ਔਰਤ ਦੀ ਸ਼ਿਕਾਇਤ ਉੱਤੇ ਮੋਹਾਲੀ ਦੇ ਐਨ ਆਰ ਆਈ ਥਾਣੇ ਵਿੱਚ ਜਲੰਧਰ ਦੇ ਚਰਨਜੀਤ ਸਿੰਘ ਚੰਨੀ, ਉਸ ਦੀ ਪਤਨੀ ਤੇ ਪੁੱਤਰ ਖਿਲਾਫ ਕੇਸ ਦਰਜ ਹੋਇਆ ਹੈ।

ਜਾਣਕਾਰ ਸੂਤਰਾਂ ਅਨੁਸਾਰ ਚਰਨਜੀਤ ਸਿੰਘ ਚੰਨੀ ਜਲੰਧਰ ਦੇ ਇੰਜੀਨੀਅਰਿੰਗ ਕਾਲਜ ਸਿਟੀ ਇੰਸਟੀਚਿਊਟ ਦੇ ਮਾਲਕ ਹਨ। ਸੀਰਤ ਕੌਰ ਵਾਸੀ ਯੂ ਐਸ ਏ ਹਾਲ ਵਾਸੀ ਜੋਏ ਹੋਮਸ ਸੈਕਟਰ-85 ਮੋਹਾਲੀ ਦੀ ਸ਼ਿਕਾਇਤ ਉੱਤੇ ਉਸ ਦੇ ਪਤੀ ਹਰਪ੍ਰੀਤ ਸਿੰਘ, ਸਹੁਰਾ ਚਰਨਜੀਤ ਸਿੰਘ ਚੰਨੀ, ਸੱਸ ਪਰਮਿੰਦਰ ਕੌਰ ਵਾਸੀ ਕੋਠੀ ਨੰਬਰ 246 ਆਰ ਮਾਡਲ ਟਾਊਨ ਜਲੰਧਰ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਦੋਸ਼ੀ ਭਗੌੜੇ ਹਨ ਅਤੇ ਮੋਹਾਲੀ ਅਦਾਲਤ ਵਿੱਚ ਅਗਾਊ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਸੀ, ਪਰ ਉਨ੍ਹਾਂ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਗਈ ਹੈ।ਪੁਲਸ ਨੂੰ ਸੀਰਤ ਕੌਰ ਨੇ ਦੱਸਿਆ ਕਿ ਉਸ ਦਾ ਵਿਆਹ ਹਰਪ੍ਰੀਤ ਸਿੰਘ ਨਾਲ ਸੱਤ ਅਪ੍ਰੈਲ 2012 ਵਿੱਚ ਹੋਇਆ ਸੀ। ਉਸ ਤੋਂ ਦੋਵਾਂ ਦੇ ਦੋ ਬੱਚੇ ਹਨ। ਉਸ ਨੇ ਦੋਸ਼ ਲਾਇਆ ਕਿ ਵਿਆਹ ਤੋਂ ਬਾਅਦ ਉਸ ਦਾ ਸਹੁਰਾ ਪਰਵਾਰ ਉਸ ਤੋਂ ਪੈਸੇ, ਗਹਿਣੇ ਤੇ ਹੋਰ ਸਾਮਾਨ ਦੀ ਮੰਗ ਕਰਦਾ ਸੀ। ਉਹ ਆਪਣੇ ਪਰਵਾਰ ਤੋਂ ਨਗਦੀ, ਗਹਿਣੇ ਹੋਰ ਸਾਮਾਨ ਪਤੀ ਨੂੰ ਦਿੰਦੀ ਰਹੀ। ਉਸ ਨੇ ਦੋਸ਼ ਲਾਇਆ ਕਿ ਜਦੋਂ ਉਹ ਗਰਭਵਤੀ ਹੋ ਗਈ ਤਾਂ ਸਹੁਰੇ ਪਰਵਾਰ ਨੇ ਉਸ ਨੂੰ ਲਿੰਗ ਜਾਂਚ ਲਈ ਅਮਰੀਕਾ ਭੇਜ ਦਿੱਤਾ।ਉਸ ਨੇ ਦੋਸ਼ ਲਾਇਆ ਕਿ ਛੇ ਦਸੰਬਰ 2009 ਨੂੰ ਸਹੁਰਾ ਪਰਵਾਰ ਨੇ ਉਸ ਨੂੰ ਘਰੋਂ ਕੱਢ ਦਿੱਤਾ ਤਾਂ ਉਹ ਆਪਣੇ ਜੱਦੀ ਪਿੰਡ ਪਰਵਾਰ ਕੋਲ ਰਹਿਣ ਆ ਗਈ। ਉਸ ਦੇ ਪਤੀ ਹਰਪ੍ਰੀਤ ਸਿੰਘ ਨੇ ਅੱਠ ਸਤੰਬਰ 2020 ਨੂੰ ਜਲੰਧਰ ਦੀ ਅਦਾਲਤ ਵਿੱਚ ਤਲਾਕ ਲਈ ਪਟੀਸ਼ਨ ਦਾਇਰ ਕੀਤੀ ਸੀ, ਜਿਸ ਬਾਰੇ ਉਸ ਨੂੰ ਪਤਾ ਨਹੀਂ ਲੱਗਣ ਦਿੱਤਾ ਗਿਆ।

# ਰੈੱਡ ਵਿੱਲੋ ਕਲੱਬ ਬਰੈਂਪਟਨ ਵਲੋਂ ਤੀਆਂ ਦਾ ਮੇਲਾ






ਬਰੈਂਪਟਨ (ਹਰਜੀਤ ਬੇਦੀ): ਰੈੱਡ ਵਿੱਲੋ ਸੀਨੀਅਰਜ਼ ਕਲੱਬ ਬਰੈਂਪਟਨ ਵਲੋਂ ਬੀਤੇ ਵੀਕ-ਐਂਡ ਤੇ ਰੈੱਡ ਵਿੱਲੋ ਪਾਰਕ ਵਿੱਚ ਤੀਆਂ ਦਾ ਮੇਲਾ ਕਰਵ-ਾਇਆ ਗਿਆ। ਤੀਆਂ ਦੇ ਇਸ ਪਰੋ-ਗਰਾਮ ਨੂੰ ਸਫਲ ਬਣਾਉਣ ਲਈ ਮਹਿੰਦਰ ਕੌਰ ਪੱਡਾ, ਬੇਅੰਤ ਕੌਰ, ਬਲਜੀਤ ਕੌਰ ਗਰੇਵਾਲ, ਸੁਰਿੰਦਰ ਕੌਰ, ਹਰਵਿੰਦਰ ਕੌਰ ਅਤੇ ਪਰਮਜੀਤ ਕੌਰ ਨੇ ਮੁੱਖ ਭੂਮਿਕਾ ਨਿਭਾਈ।

ਰੈੱਡ ਵਿੱਲੋ ਪਾਰਕ ਬਰੈਂਪਟਨ ਵਿੱਚ ਤੀਆਂ ਦਾ ਇਹ ਪਰੋਗਰਾਮ ਬਾਰਾਂ ਵਜੇ ਤੋਂ ਸ਼ੁਰੂ ਹੋ ਕੇ ਸ਼ਾਮ ਤੱਕ ਨਿਰਵਿਘਨ ਚਲਦਾ ਰਿਹਾ। ਇਸ ਪਰੋਗਰਾਮ ਵਿੱਚ ਛੋਟੀ ਉਮਰ ਦੀਆਂ ਬੱਚੀਆਂ ਤੋਂ ਲੈ ਕੇ ਬਜ਼ੁਰਗ ਔਰਤਾਂ ਨੇ ਆਨੰਦ ਮਾਣਿਆ। ਮਾਲਵੇ, ਮਾਝੇ ਤੇ ਦੁਆਬੇ ਦੀ ਬੋਲੀ ਦੇ ਰੰਗ ਵਿੱਚ ਰੰਗੇ ਬੋਲੀਆਂ ਤੇ ਗੀਤਾਂ ਅਤੇ ਗਿੱਧੇ ਦੀ ਧਮਕ ਨੇ ਇਸ ਪਰੋਗਰਾਮ ਨੂੰ ਲਗਾਤਾਰ ਮਨੋਰੰਜਕ ਬਣਾਈ ਰੱਖਿਆ। ਇਸ ਤੀਆਂ ਦੇ ਮੇਲੇ ਨੇ ਜਿੱਥੇ ਸੀਨੀਅਰ ਔਰਤਾਂ ਨੂੰ ਉਹਨਾਂ ਦੇ ਬਚਪਨ ਅਤੇ ਬੀਤੇ ਸਮੇ ਦੀਆਂ ਯਾਦਾਂ ਚੇਤੇ ਕਰਵਾਈਆਂ ਉੱਥੇ ਬੱਚੀਆਂ ਨੂੰ ਆਪਣੇ ਵਿਰਸੇ ਦੇ ਤਿਉਹਾਰਾਂ ਨਾਲ ਜੋੜਿਆ। ਗੀਤ ਬੋਲੀਆਂ ਅਤੇ ਗਿੱਧੇ ਦੇ ਨਾਲ ਨਾਲ ਖਾਣ-ਪੀਣ ਦਾ ਪਰੋਗਰਾਮ ਚਲਦਾ ਰਿਹਾ। ਭਾਵੇਂ ਤੀਆਂ ਵਾਲੇ ਰਵਾਇਤੀ ਖੀਰ ਪੂੜੇ ਨਹੀਂ ਸਨ ਪਰ ਸਮੋਸੇ, ਪਨੀਰ ਪਕੌੜਾ, ਸਪਰਿੰਗ ਰੋਲ, ਬਰਫੀ ਅਤੇ ਗਜਰੇਲਾ ਦੇ ਨਾਲ, ਰੂਹ ਅਫਜ਼ਾ, ਫਰੂਟੀ ਖੁੱਲ੍ਹੇ ਰੂਪ ਵਿੱਚ ਵਰਤਾਏ ਗਏ।

ਤੀਆਂ ਦੇ ਇਸ ਮੇਲੇ ਵਿੱਚ ਭਰਵੀਂ ਰੌਣਕ ਲੱਗੀ ਰਹੀ ਜਿਸ ਨੂੰ ਹੋਰ ਕਮਿਉਨਟੀਆਂ ਦੇ ਲੋਕਾਂ ਨੇ ਪਰਸੰਸਾ ਭਰੀਆਂ ਨਜ਼ਰਾਂ ਨਾਲ ਦੇਖਿਆ ਅਤੇ ਕਈਆਂ ਨੇ ਥੋੜੇ ਸਮੇਂ ਲਈ ਬੜੇ ਚਾਅ ਨਾਲ ਸ਼ਮੂਲੀਅਤ ਵੀ ਕੀਤੀ।ਖਾਣ-ਪੀਣ ਦੇ ਸਮਾਨ ਦਾ ਪਰਬੰਧ ਕਰਨ ਲਈ ਗੁਰਨਾਮ ਸਿੰਘ ਗਿੱਲ ਪਰਧਾਨ, ਮਾ: ਕੁਲਵੰਤ ਸਿੰਘ ਸਕੱਤਰ, ਜੋਗਿੰਦਰ ਸਿੰਘ ਪੱਡਾ ਅਤੇ ਸ਼ਿਵਦੇਵ ਸਿੰਘ ਰਾਏ ਨੇ ਸਹਿਯੋਗ ਦਿੱਤਾ। ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਦੇ 13 ਅਗਸਤ 2022 ਦੇ ਸਾਂਝੇ ਪਰੋਗਰਾਮ ਤੋਂ ਬਾਦ ਰੈੱਡ ਵਿੱਲੋ ਕਲੱਬ ਵਲੋਂ ਹੋਰ ਪਰੋਗਰਾਮ ਉਲੀਕੇ ਜਾਣੇ ਹਨ ਤਾਂ ਜੋ ਸੀਨੀਅਰਜ਼ ਨੂੰ ਲਗਾਤਾਰ ਮਨੋਰੰਜਨ ਦੇ ਮੌਕੇ ਮਿਲਦੇ ਰਹਿਣ। ਪਰਬੰਧਕਾਂ ਵਲੋਂ ਸ਼ਾਮਲ ਹੋਣ ਵਾਲੀਆਂ ਸਾਰੀਆਂ ਬੀਬੀਆਂ ਦਾ ਧੰਨਵਾਦ ਕੀਤਾ ਜਿਹਨਾਂ ਦੇ ਸਹਿਯੋਗ ਸਦਕਾ ਇਹ ਪਰੋਗਰਾਮ ਬੜੀ ਸਫਲਤਾ ਨਾਲ ਸਿਰੇ ਚੜ੍ਹਿਆ। ਕਲੱਬ ਸਬੰਧੀ ਕਿਸੇ ਵੀ ਜਾਣਕਾਰੀ ਲਈ ਪਰਧਾਨ ਗੁਰਨਾਮ ਸਿੰਘ ਗਿੱਲ ਨਾਲ 416-908-1300 ਤੇ ਸੰਪਰਕ ਕੀਤਾ ਜਾ ਸਕਦਾ ਹੈ।










# ਪੰਜਵੀਂ ਐਂਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਪੂਰੇ ਜੋਸ਼-ਓ-ਖ਼ਰੋਸ਼ ਨਾਲ ਚਿੰਗੁਆਕੂਜ਼ੀ ਪਾਰਕ 'ਚ ਹੋਈ

*** ਸਖ਼ਤ ਗਰਮੀ ਦੇ ਬਾਵਜੂਦ 200 ਦੇ ਕਰੀਬ ਦੌੜਾਕਾਂ 'ਤੇ ਵੱਕਰਾਂ ਨੇ ਲਿਆ ਭਾਗ* 'ਸੋਮਲ ਵਾਚ ਕੰਪਨੀ' ਵੱਲੋਂ ਮੈਰਾਥਨ ਦੌੜਾਕ ਧਿਆਨ ਸਿੰਘ ਸੋਹਲ ਨੂੰ ਘੜੀ ਨਾਲ ਸਨਮਾਨਿਤ ਕੀਤਾ ਗਿਆ**












ਬਰੈਂਪਟਨ, (ਡਾ. ਝੰਡ) -'ਐੱਨਲਾਈਟ ਲਾਈਫ਼ ਆਫ਼ ਕਿੱਡਜ਼ ਇਨ ਨੀਡ' ਸੰਸਥਾ ਵੱਲੋਂ ਕਰਵਾਈ ਗਈ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ' ਲੰਘੇ ਐਤਵਾਰ 7 ਅਗਸਤ ਨੂੰ ਬਰੈਂਪਟਨ ਦੇ ਚਿੰਗੁਆਕੂਜ਼ੀ ਪਾਰਕ ਵਿਚ ਹੋਈ ਜਿਸ ਵਿਚ 200 ਦੇ ਲੱਗਭੱਗ ਦੌੜਾਕਾਂ ਤੇ ਪੈਦਲ ਚੱਲਣ ਵਾਲਿਆ ਨੇ ਹਿੱਸਾ ਲਿਆ। ਸੰਸਥਾ ਦੇ ਇਸ ਪੰਜਵੇਂ ਈਵੈਂਟ ਦੀ ਖ਼ਾਸੀਅਤ ਇਹ ਸੀ ਕਿ ਇਸ ਵਿਚ ਇਸ ਦੀਆਂ ਸਹਿਯੋਗੀ ਜੱਥੇਬੰਦੀਆਂ 'ਟੀ.ਪੀ.ਏ.ਆਰ. ਕਲੱਬ, 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ' ਅਤੇ 'ਤਰਕਸ਼ੀਲ ਸੋਸਾਇਟੀ ਆਫ਼ ਕੈਨੇਡਾ' ਜੋ ਹਰ ਸਾਲ ਇਸ ਦਾ ਅਹਿਮ ਹਿੱਸਾ ਬਣਦੀਆਂ ਹਨ, ਦੇ ਨਾਲ ਇਸ ਵਾਰ ਕੈਨੇਡਾ ਦੇ ਮੂਲ-ਵਾਸੀਆਂ ਦੀ ਸੰਸਥਾ 'ਇੰਡਸਪਾਇਰ' ਦੇ ਮੈਂਬਰ ਵੀ ਸ਼ਾਮਲ ਹੋਏ। ਸਵੇਰੇ 9.00 ਵਜੇ ਤੱਕ ਲੱਗਭੱਗ ਸਾਰੇ ਦੌੜਾਕ ਤੇ ਵੱਕਰ ਚਿੰਗੁਆਕੂਜ਼ੀ ਪਾਰਕ ਦੇ 'ਟੈਰੀ ਫ਼ਾਕਸ ਟਰੈਕ ਐਂਡ ਫ਼ੀਲਡ ਸਟੇਡੀਅਮ' ਵਿਚ ਪਹੁੰਚ ਗਏ ਜਿੱਥੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਲਈ ਚਾਹ-ਪਾਣੀ, ਕਾਫ਼ੀ ਤੇ ਸਨੈਕਸ ਦਾ ਪ੍ਰੋਗਰਾਮ ਚੱਲ ਰਿਹਾ ਸੀ।

ਸਾਢੇ ਕੁ ਨੌਂ ਵਜੇ ਤੱਕ ਇਕੱਤਰ ਦੌੜਾਕਾਂ, ਵਾਤਕਰਾਂ ਤੇ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਸੰਸਥਾ ਦੇ ਸੰਚਾਲਕ ਨਰਿੰਦਰ ਪਾਲ ਬੈਂਸ ਨੇ ਦੱਸਿਆ ਕਿ ਲੋੜਵੰਦ ਵਿਦਿਆਰਥੀਆਂ ਦੀ ਸਹਾਇਤਾ ਲਈ ਇਸ ਸੰਸਥਾ ਵੱਲੋਂ 2018 ਵਿਚ ਪਹਿਲੀ ਵਾਰ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਦੀ ਸ਼ੁਰੂਆਤ ਕੈਲੇਡਨ ਟਰੇਲ ਦੇ ਪੱਛਮ ਵਾਲੇ ਪਾਸੇ 5 ਕਿਲੋਮੀਟਰ ਅਤੇ 10 ਕਿਲੋਮੀਟਰ ਦੌੜ ਕੇ ਕੀਤੀ ਗਈ ਜਿਸ ਵਿਚ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ (ਟੀ.ਪੀ.ਏ.ਆਰ. ਕਲੱਬ), ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਅਤੇ ਤਰਕਸ਼ੀਲ ਸੋਸਾਇਟੀ ਆਫ਼ ਨਾਰਥ ਅਮੈਰਿਕਾ ਦੇ ਮੈਂਬਰਾਂ ਵੱਲੋਂ ਵੱਡੀ ਗਿਣਤੀ ਵਿਚ ਭਾਗ ਲਿਆ ਗਿਆ ਸੀ। ਸਾਰੀਆਂ ਹੀ ਕਮਿਊਨਿਟੀਆਂ ਵੱਲੋਂ ਇਸ ਦੇ ਲਈ ਭਰਪੂਰ ਹੁੰਗਾਰਾ ਮਿ-ਲਆ ਸੀ ਅਤੇ ਇਸ ਵਿਚ ਦੌੜਾਕਾਂ ਤੇ ਵੱਕਰਾਂ ਦੀ ਗਿਣਤੀ 150 ਦੇ ਲੱਗਭੱਗ ਹੋ ਗਈ ਸੀ। ਇਸ ਤੋਂ ਉਤਸ਼ਾਹਿਤ ਹੋ ਕੇ 2019 ਵਿਚ ਦੂਸਰੀ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਬਰੈਂਪਟਨ ਦੇ ਚਿੰਗੁਆਕੂਜ਼ੀ ਪਾਰਕ ਵਿਚ ਕਰਵਾਈ ਗਈ ਜਿਸ ਵਿਚ ਉਪਰੋਕਤ ਤਿੰਨਾਂ ਸੰਸਥਾਵਾਂ ਨੇ ਆਪਣਾ ਭਰਪੂਰ ਯੋਗਦਾਨ ਪਾਇਆ ਅਤੇ ਇਸ ਦੌੜ ਵਿਚ 200 ਤੋਂ ਵਧੀਕ ਦੌੜਾਕ ਤੇ ਵੱਕਰ ਸ਼ਾਮਲ ਹੋਏ। 2020 ਵਿਚ ਸਾਰੀ ਦੁਨੀਆਂ ਕਰੋਨਾ ਮਹਾਂਮਾਰੀ ਦੇ ਫ਼ੈਲਣ ਕਾਰਨ ਇਹ ਦੌੜ ਨਹੀਂ ਕਰਵਾਈ ਜਾ ਸਕੀ ਸੀ ਪਰ ਫਿਰ ਵੀ ਇਸ ਸੰਸਥਾ ਦੇ ਕੁਝ ਨੌਜੁਆਨ ਮੈਂਬਰਾਂ ਨੇ ਸੀਮਤ ਗਿਣਤੀ ਵਿਚ ਸਿੰਬੌਲਿਕ ਤੌਰ 'ਤੇ ਦੌੜ ਕੇ ਤੀਸਰੀ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਦੀ ਪ੍ਰਕਿਰਿਆ ਪੂਰੀ ਕੀਤੀ। ਸਾਲ 2021 ਵਿਚ ਇਸ ਸੰਸਥਾ ਵੱਲੋਂ ਵਰਚੂਅਲ ਤੇ ਰੀਅਲ ਦੋਹਾਂ ਕਿਸਮਾਂ ਦੀ ਸਾਂਝੀ 'ਹਾਈਬਰਿੱਡ-ਦੌੜ' ਦਾ ਆਯੋਜਨ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਇਸ ਪੰਜਵੀਂ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਵਿਚ 'ਟੀ.ਪੀ.ਏ.ਆਰ. ਕਲੱਬ, 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ' ਅਤੇ 'ਤਰਕਸ਼ੀਲ ਸੋਸਾਇਟੀ ਆਫ਼ ਕੈਨੇਡਾ' ਤੋਂ ਇਲਾਵਾ 'ਇੰਡਸਪਾਇਰ' ਦੇ ਮੈਂਬਰ ਵੀ ਹਿੱਸਾ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਦੌੜ ਤੇ ਪੈਦਲ ਚੱਲਣ ਦੇ ਈਵੈਂਟ ਵਿਚ ਪਹਿਨੀ ਗਈ ਟੀ-ਸ਼ਰਟ ਵੀ 'ਇੰਡਸਪਾਇਰ' ਸੰਸਥਾ ਦੀ ਮੈਂਬਰ ਸਾਇਰਾ ਬਾਰਬਰ ਵੱਲੋਂ ਡੀਜ਼ਾਈਨ ਕੀਤੀ ਗਈ ਹੈ ਜਿਸ ਵਿਚ ਉਸ ਦੇ ਵੱਲੋਂ ਕੈਨੇਡਾ ਦੇ ਮੂਲ-ਵਾਸੀਆਂ ਦੀ ਸਟਰਾਬੈਰੀਜ਼ ਦੀ ਅਹਿਮੀਅਤ ਬਾਰੇ ਉਨ੍ਹਾਂ ਦੀ ਭਾਸ਼ਾ ਵਿਚ ਇਕ ਸਤਰ ਵੀ ਸ਼ਾਮਲ ਕੀਤੀ ਗਈ ਹੈ। ਉਨ੍ਹਾਂ ਦੀ ਇਹ ਸਪੀਚ ਨਵਪ੍ਰੀਤ ਛਤਵਾਲ ਵੱਲੋਂ ਤਿਆਰ ਕੀਤੀ ਗਈ। ਇਸ ਮੌਕੇ 'ਇੰਡਸਪਾਇਰ' ਸੰਸਥਾ ਦੀ ਸੀਨੀਅਰ ਡਿਵੈੱਲਪਮੈਂਟ ਅਫ਼ਸਰ ਕਾਰਲੇ ਗੈਲੈਂਟ ਵੱਲੋਂ ਵੀ ਹਾਜ਼ਰੀਨ ਨਾਲ ਵਿਚਾਰ ਸਾਂਝੇ ਕੀਤੇ ਗਏ।

ਕਰੋਨਾ ਤੋਂ ਲੱਗਭੱਗ ਛੁਟਕਾਰਾ ਹੋਣ ਤੋਂ ਬਾਅਦ ਇਸ 'ਪੰਜਵੀਂ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ' ਵਿਚ ਸਖ਼ਤ ਗਰਮੀ ਦੇ ਬਾਵਜੂਦ ਚਿੰਗੁਆਕੂਜ਼ੀ ਪਾਰਕ ਦੇ 'ਟੈਰੀ ਫ਼ੌਕਸ ਟਰੈਕ ਐਂਡ ਫ਼ੀਲਡ ਸਟੇਡੀਅਮ' ਵੀ ਵਿਚ 200 ਦੇ ਲੱਗਭੱਗ ਦੌੜਾਕਾਂ ਅਤੇ ਵੱਕਰਾਂ ਨੇ ਇਸ ਈਵੈਂਟ ਵਿਚ 5 ਕਿਲੋਮੀਟਰ ਤੇ 10 ਕਿਲੋਮੀਟਰ ਦੌੜ ਕੇ ਜਾਂ ਪੈਦਲ ਚੱਲ ਕੇ ਹਿੱਸਾ ਲਿਆ। ਸਾਢੇ ਗਿਆਰਾਂ ਵਜੇ ਤੀਕ ਚੱਲੇ ਇਸ ਦੌੜ ਤੇ ਵੱਕ ਦੇ ਈਵੈਂਟ ਵਿਚ ਦਰਸ਼ਕ ਵੀ ਕਾਫ਼ੀ ਗਿਣਤੀ ਵਿਚ ਹਾਜ਼ਰ ਸਨ। ਅਖ਼ੀਰ ਵਿਚ ਸੰਸਥਾ ਦੇ ਮੁੱਖ ਸੰਚਾਲਕ ਨਰਿੰਦਰਪਾਲ ਬੈਨਸ ਵੱਲੋਂ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ, ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਅਤੇ ਤਰਕਸ਼ੀਲ ਸੋਸਾਇਟੀ ਆਫ਼ ਕੈਨੇਡਾ ਦੇ ਮੈਂਬਰਾਂ ਦੇ ਨਾਲ ਨਾਲ ਯੋਗੇਸ਼, ਪ੍ਰੀਤੀ, ਪ੍ਰਾਗਿਆ ਤੇ ਨਵਪ੍ਰੀਤ ਦਾ ਧੰਨਵਾਦ ਕਰਦਿਆਂ ਕੈਨੇਡਾ ਦੇ ਮੂਲ-ਵਾਸੀਆਂ ਦੀ ਸੰਸਥਾ ਦੇ ਮੈਂਬਰਾਂ ਦਾ ਵਿਸ਼ੇਸ਼ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਕੈਨੇਡਾ ਦੀਆਂ ਸਾਰੀਆਂ ਕਮਿਊਨਿਟੀਆਂ ਦੇ ਲੋਕ ਉਨ੍ਹਾਂ ਦੇ ਨਾਲ ਹਨ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਲਈ ਤਿਆਰ ਹਨ।

ਉਨ੍ਹਾਂ ਦੱਸਿਆ ਕਿ ਇਸ ਰੱਨ-ਕਮ-ਵਾਕ ਈਵੈਂਟ ਵਿਚ ਇਕੱਠੀ ਹੋਈ ਰਾਸ਼ੀ ਦਾ ਇਕ ਹਿੱਸਾ ਬਰੈਂਪਟਨ ਦੇ ਫੂਡ ਬੈਂਕ 'ਨਾਈਟਸ ਟੇਬਲ' ਨੂੰ ਭੇਜਿਆ ਜਾਏਗਾ। ਉਨ੍ਹਾਂ ਸਾਰਿਆਂ ਨੂੰ ਸੰਸਥਾ ਦੇ ਅਗਲੇ ਈਵੈਂਟਸ ਵਿਚ ਵੀ ਇੰਜ ਹੀ ਜੋਸ਼ ਤੇ ਉਤਸ਼ਾਹ ਨਾਲ ਹਿੱਸਾ ਲੈਣ ਦੀ ਬੇਨਤੀ ਕੀਤੀ। ਇਸ ਮੌਕੇ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਦੇ ਮੁੱਖ-ਸੰਚਾਲਕ ਪਰਮਜੀਤ ਸਿੰਘ ਵੱਲੋਂ 28 ਅਗਸਤ ਦਿਨ ਐਤਵਾਰ ਨੂੰ ਫ਼ਾਊਂਡੇਸ਼ਨ ਵੱਲੋਂ ਕਰਵਾਈ ਜਾ ਰਹੀ 'ਇਨਸਪੀਰੇਸ਼ਨਲ ਸਟੈੱਪਸ 2022' ਵਿਚ ਏਸੇ ਤਰ੍ਹਾਂ ਹੀ ਉਤਸ਼ਾਹ ਨਾਲ ਭਾਗ ਲੈਣ ਲਈ ਅਪੀਲ ਕੀਤੀ ਗਈ। ਇਸ ਦੌਰਾਨ ਬਰੈਂਪਟਨ ਦੀ 'ਸੋਮਲ ਵਾਚ ਕੰਪਨੀ' ਦੇ ਮਾਲਕ ਸੁੱਚਾ ਸਿੰਘ ਸੋਮਲ ਵੱਲੋਂ ਟੀਪੀਏਆਰ ਕਲੱਬ ਦੇ ਸਰਗਰਮ ਮੈਂਬਰ ਮੈਰਾਥਨ ਦੌੜਾਕ ਧਿਆਨ ਸਿੰਘ ਸੋਹਲ ਨੂੰ ਸ਼ਾਨਦਾਰ ਘੜੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਈਵੈਂਟ ਦੌਰਾਨ ਚਾਹ-ਪਾਣੀ ਤੇ ਸਨੈਕਸ ਦੀ ਸੇਵਾ ਓਨਟਾਰੀਓ ਖਾਲਸਾ ਦਰਬਾਰ ਵੱਲੋਂ ਅਤੇ ਕਾਫ਼ੀ ਦੀ ਸੇਵਾ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ ਕੀਤੀ ਗਈ।




# 10 ਮੀਟਰ ਸ਼ੂਟਰ ਰੇਂਜ ਦੇ ਚੈਂਪੀਅਨ ਰਾਜਪ੍ਰੀਤ ਸਿੰਘ ਦੀ ਓਲਿੰਪਿਕਸ-2024 ਵੱਲ ਇਕ ਹੋਰ ਪੁਲਾਂਘ

**'ਸ਼ੂਟਿੰਗ ਫ਼ੈੱਡਰੇਸ਼ਨ ਆਫ਼ ਕੈਨੇਡਾ' ਦੀ ਕੁੱਕਸਟਾਊਨ ਵਿਖੇ ਹੋਈ ਚੈਂਪੀਅਨਸ਼ਿਪ ਵਿਚ ਜਿੱਤਿਆ ਗੋਲਡ ਮੈਡਲ**








ਬਰੈਂਪਟਨ, (ਡਾ. ਝੰਡ) - ਸ਼ੂਟਿੰਗ ਫ਼ੈੱਡਰੇਸ਼ਨ ਆਫ਼ ਕੈਨੇਡਾ ਦੀ 1 ਅਗੱਸਤ ਤੋਂ 7 ਅਗੱਸਤ ਤੱਕ ਕੁੱਕਸਟਾਊਨ ਵਿਖੇ ਹੋਏ ਕੈਨੇਡਾ ਨੈਸ਼ਨਲ ਟੂਰਨਾਮੈਂਟ ਵਿਚ ਕੈਨੇਡਾ ਦੇ ਸਾਰੇ ਰਾਜਾਂ ਤੇ ਟੈਰੀਟਰੀਆਂ ਦੇ ਸ਼ੂਟਰ ਸ਼ਾਮਲ ਹੋਏ। ਪੰਜਾਬ ਦੇ ਪਿਛੋਕੜ ਦੇ ਰਾਜਪ੍ਰੀਤ ਸਿੰਘ ਜਿਸ ਨੇ ਲੱਗਭੱਗ ਦੋ ਮਹੀਨੇ ਪਹਿਲਾਂ ਹੋਈ 'ਕੈਨੇਡੀਅਨ ਏਅਰਗੰਨ ਗਰੈਂਡ ਪਰਿਕਸ ਇੰਟਰਨੈਸ਼ਨਲ ਚੈਂਪੀਅਨਸ਼ਿਪ' ਵਿਚ ਦੋ ਸੋਨ-ਤਮਗ਼ੇ ਜਿੱਤੇ ਸਨ, ਵੱਲੋਂ ਵੀ ਇਸ ਟੂਰਨਾਮੈਂਟ ਵਿਚ ਭਾਗ ਲਿਆ ਗਿਆ।

ਰਾਜਪ੍ਰੀਤ ਨੇ 2022 ਅਤੇ ਇਸ ਤੋਂ ਪਿਛਲੇ ਨੈਸ਼ਨਲ ਟੂਰਨਾਮੈਂਟਾਂ ਦੀ ਕਾਰਗੁਜ਼ਾਰੀ ਨੂੰ ਬਰਕਰਾਰ ਰੱਖਦੇ ਹੋਏ ਇਸ ਟੂਰਨਾਮੈਂਟ ਵਿਚ ਵੀ ਸੋਨੇ ਦਾ ਤਮਗ਼ਾ ਜਿੱਤ ਕੇ ਆਪਣੇ ਆਪ ਨੂੰ ਕੈਨੇਡਾ ਦਾ 'ਟੌਪ-ਸਕੋਰਰ' ਸਾਬਤ ਕਰਦਿਆਂ ਹੋਇਆਂ ਬਾਖ਼ੂਬੀ ਨਾਮਣਾ ਖੱਟਿਆ ਹੈ। ਹੁਣ ਬੱਸ ਉਸ ਦੇ ਕੈਨੇਡਾ ਦੇ ਪੱਕੇ-ਵਾਸੀ (ਪੀ.ਆਰ.) ਬਣਨ ਦੀ ਅੜਿੱਚਣ ਹੀ ਬਾਕੀ ਰਹੀ ਗਈ ਹੈ ਅਤੇ ਇਸ ਨੂੰ ਪਾਰ ਕਰਨ ਤੋਂ ਬਾਅਦ ਉਹ ਕੈਨੇਡਾ ਵੱਲੋਂ ਸਾਰੇ ਇੰਟਰਨੈਸ਼ਨਲ ਟੂਰਨਾਮੈਂਟਾਂ ਵਿਚ ਭਾਗ ਲੈ ਸਕਦਾ ਹੈ। ਉਸ ਨੂੰ ਅਤੇ ਉਸ ਦੇ ਪਰਿਵਾਰ ਦੇ ਮੈਂਬਰਾਂ ਨੂੰ ਪੂਰੀ ਉਮੀਦ ਹੈ ਕਿ ਕੈਨੇਡਾ ਸਰਕਾਰ ਵੱਲੋਂ ਇਸ ਸਬੰਧੀ ਜਲਦੀ ਹੀ ਕਾਰਵਾਈ ਪੂਰੀ ਕਰ ਲਈ ਜਾਏਗੀ ਅਤੇ ਫਿਰ ਰਾਜਪ੍ਰੀਤ ਲਈ ਕੈਨੇਡਾ ਵੱਲੋਂ ਓਲਿੰਪਿਕਸ-2024 ਵਿਚ ਜਾਣ ਵਾਲੀ ਟੀਮ ਦਾ ਮੈਂਬਰ ਬਣਨ ਲਈ ਰਾਹ ਪੱਧਰਾ ਹੋ ਜਾਏਗਾ।

ਰਾਜਪ੍ਰੀਤ ਦੇ ਤਾਇਆ ਜੀ ਹਰਜੀਤ ਸਿੰਘ ਨੇ ਇਸ ਦੇ ਬਾਰੇ ਫ਼ੋਨ 'ਤੇ ਗੱਲ ਕਰਦਿਆਂ ਦੱਸਿਆ ਕਿ ਕੈਨੇਡਾ ਸਰਕਾਰ ਨੂੰ ਕੈਨੇਡਾ ਦੇ ਇਕ ਉੱਤਮ ਸ਼ੂਟਰ ਰਾਜਪ੍ਰੀਤ ਨੂੰ ਪੀ.ਆਰ. ਮਨਾਉਣ ਦੀ ਕਾਰਵਾਈ ਜਲਦੀ ਤੋਂ ਜਲਦੀ ਮੁਕੰਮਲ ਕਰਕੇ ਉਸ ਨੂੰ ਓਲਿੰਪਿਕਸ-2024 ਲਈ ਤਿਆਰ ਕਰਨਾ ਚਾਹੀਦਾ ਹੈ ਅਤੇ ਇਸ ਦੇ ਲਈ ਉਸ ਦੀ ਵਿੱਤੀ-ਸਹਾਇਤਾ ਵੀ ਕਰਨੀ ਚਾਹੀਦੀ ਹੈ। ਉਨ੍ਹਾਂ ਹੋਰ ਕਿਹਾ ਕਿ ਭਾਰਤ ਵਿਚ ਪੜ੍ਹਦਿਆਂ ਸ਼ੂਟਿੰਗ ਮੁਕਾਬਲਿਆਂ ਵਿਚ ਹਿੱਸਾ ਲੈਣ ਦੀ ਤਿਆਰੀ ਅਤੇ ਇਨ੍ਹਾਂ ਵਿਚ ਉਸ ਦੀ ਸ਼ਮੂਲੀਅਤ ਕਰਨ ਲਈ ਉਨ੍ਹਾਂ ਦੇ ਪਰਿਵਾਰ ਵੱਲੋਂ ਹੁਣ ਤੱਕ ਲੱਗਭੱਗ ਇਕ ਕਰੋੜ ਰੁਪਏ ਦਾ ਖ਼ਰਚਾ ਕੀਤਾ ਜਾ ਚੁੱਕਾ ਹੈ। ਇਸ ਦੇ ਲਈ ਨਾ ਹੀ ਪੰਜਾਬ ਸਰਕਾਰ ਅਤੇ ਨਾ ਹੀ ਭਾਰਤ ਦੀ ਕੇਂਦਰ ਸਰਕਾਰ ਵੱਲੋਂ ਹੀ ਉਸ ਦੀ ਕੋਈ ਮਾਇਕ ਮਦਦ ਕੀਤੀ ਗਈ ਹੈ। ਕੈਨੇਡਾ ਵਿਚ ਹੋਏ ਇਨ੍ਹਾਂ ਸ਼ੂਟਿੰਗ ਮੁਕਾਬਲਿਆਂ ਦੀ ਤਿਆਰੀ ਲਈ ਵੀ ਸਾਰਾ ਖ਼ਰਚ ਪਰਿਵਾਰ ਵੱਲੋਂ ਹੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਓਲਿੰਪਿਕਸ ਵਿਚ ਜਾਣ ਦਾ ਰਾਜਪ੍ਰੀਤ ਦਾ ਸੁਪਨਾ ਤਾਂ ਹੀ ਪੂਰਾ ਹੋ ਸਕਦਾ ਹੈ ਜੇਕਰ ਓਨਟਾਰੀਓ ਦੀ ਸੂਬਾ ਸਰਕਾਰ ਅਤੇ ਕੈਨੇਡਾ ਦੀ ਫ਼ੈੱਡਰਲ ਸਰਕਾਰ ਉਸ ਦੀ ਹੌਸਲਾ-ਅਫ਼ਜ਼ਾਈ ਅਤੇ ਵਿੱਤੀ ਮਦਦ ਕਰੇ।

# ਸਪੇਸ ਜੰਕ ਦਾ ਵਧ ਰਿਹਾ ਖ਼ਤਰਾ



> ਪੁਲਾੜ ਵਿੱਚ ਵੱਧ ਰਿਹਾ ਕੂੜਾ ਧਰਤੀ ਲਈ ਗੰਭੀਰ ਸਮੱਸਿਆ ਬਣ ਰਿਹੈ

ਪਿਛਲੇ ਪੰਜਾਹ ਸਾਲਾਂ ਵਿੱਚ, ਪੁਲਾੜ ਸੰਚਾਰ ਉਪਗ੍ਰਹਿ, ਪ੍ਰਯੋਗਸ਼ਾਲਾਵਾਂ, ਮਾਨਵ ਰਹਿਤ ਵਾਹਨਾਂ, ਕਾਰਗੋ ਵਾਹਨਾਂ ਅਤੇ ਮਨੁੱਖਾਂ ਵਾਲੇ ਮਿਸ਼ਨਾਂ ਨੇ ਧਰਤੀ ਦੇ ਬਾਹਰ ਇੱਕ ਵਿਸ਼ਾਲ ਕਬਾੜ ਘਰ ਬਣਾਇਆ ਹੈ। ਇਸ ਤੋਂ ਇਲਾਵਾ ਕੁਦਰਤ ਨੇ ਸਾਡੀ ਧਰਤੀ ਦੇ ਨੇੜੇ ਹਜ਼ਾਰਾਂ ਅਜਿਹੇ ਛੋਟੇ-ਵੱਡੇ ਸਰੀਰ ਪੁਲਾੜ ਵਿਚ ਵੀ ਤਾਇਨਾਤ ਕੀਤੇ ਹੋਏ ਹਨ, ਜੋ ਕਿਸੇ ਵੀ ਸਮੇਂ ਧਰਤੀ ਦੇ ਵਾਯੂਮੰਡਲ ਵਿਚ ਦਾਖਲ ਹੋ ਕੇ ਮਨੁੱਖੀ ਸਭਿਅਤਾ ਦੇ ਮੁਕੰਮਲ ਵਿਨਾਸ਼ ਦਾ ਖ਼ਤਰਾ ਬਣ ਸਕਦੇ ਹਨ।ਹਹ. ਪੁਲਾੜ ਵਿੱਚ ਵੱਧ ਰਿਹਾ ਕੂੜਾ ਧਰਤੀ ਲਈ ਇੱਕ ਗੰਭੀਰ ਸਮੱਸਿਆ ਬਣਦਾ ਜਾ ਰਿਹਾ ਹੈ। ਇਹ ਰਹਿੰਦ-ਖੂੰਹਦ ਨਾ ਸਿਰਫ਼ ਮਨੁੱਖ ਦੁਆਰਾ ਬਣਾਇਆ ਗਿਆ ਹੈ, ਬਲਕਿ ਬ੍ਰਹਿਮੰਡੀ ਵਸਤੂਆਂ ਤੋਂ ਵੀ ਵੱਧ ਹੈ। ਅਣਗਿਣਤ ਛੋਟੇ ਅਤੇ ਵੱਡੇ ਲਗਾਤਾਰ ਟੁੱਟਣ ਦੀ ਹਾਲਤ ਵਿੱਚ ਹਨ. ਰਚਨਾ ਦਾ ਇਹ ਚੱਕਰ ਕਦੇ ਰੁਕਣ ਵਾਲਾ ਨਹੀਂ ਹੈ। ਪਰ ਮਨੁੱਖ ਦੁਆਰਾ ਬਣਾਈ ਪੁਲਾੜ ਦੀ ਰਹਿੰਦ-ਖੂੰਹਦ ਧਰਤੀ ਦੇ ਵਾਸੀਆਂ ਲਈ ਖ਼ਤਰੇ ਨੂੰ ਵਧਾ ਰਹੀ ਹੈ। ਅਮਰੀਕੀ ਪੁਲਾੜ ਏਜੰਸੀ - ਨਾਸਾ ਵੀ ਇਸ ਨੂੰ ਲੈ ਕੇ ਚਿੰਤਤ ਹੈ। ਵਿਗਿਆਨ ਮੈਗਜ਼ੀਨ- ਵਿਗਿਆਨ ਵਿੱਚ ਇਸ ਬਾਰੇ ਨਾਸਾ ਦੇ ਵਿਗਿਆਨੀ ਜੇ.ਸੀ. ਲੀਓ ਅਤੇ ਐਨ.ਐਲ. ਜੌਹਨਸਨ ਨੇ ਇੱਕ ਖੋਜ ਰਿਪੋਰਟ ਵਿੱਚ ਲਿਖਿਆ ਹੈ ਕਿਸਾਡੇ ਨਜ਼ਦੀਕੀ ਪੁਲਾੜ ਵਿੱਚ, ਮਨੁੱਖ ਦੁਆਰਾ ਬਣਾਏ ਗਏ ਨੌਂ ਹਜ਼ਾਰ ਤੋਂ ਵੱਧ ਅਜਿਹੇ ਟੁਕੜੇ ਧਰਤੀ ਦੇ ਚੱਕਰ ਵਿੱਚ ਤੈਰ ਰਹੇ ਹਨ, ਜੋ ਆਉਣ ਵਾਲੇ ਸਮੇਂ ਵਿੱਚ ਇੱਕ ਡਰਾਉਣਾ ਨਜ਼ਾਰਾ ਪੇਸ਼ ਕਰ ਸਕਦੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜੇਕਰ ਚੱਲ ਰਹੇ ਪੁਲਾੜ ਮਿਸ਼ਨਾਂ ਨੂੰ ਬਿਲਕੁਲ ਵੀ ਰੋਕ ਦਿੱਤਾ ਜਾਂਦਾ ਹੈ (ਜੋ ਕਿ ਹੁਣ ਸੰਭਵ ਨਹੀਂ ਹੈ) ਤਾਂ ਵੀ ਪੁਲਾੜ ਵਿੱਚ ਇੰਨੇ ਸਾਰੇ ਉਪਗ੍ਰਹਿ ਆਦਿ ਹਨ ਕਿ ਉਹ ਉੱਥੇ ਕਬਾੜ ਦੀ ਮਾਤਰਾ ਵਿੱਚ ਵਾਧਾ ਕਰਦੇ ਰਹਿਣ-ਗੇ। ਇਸ ਪੂਰੇ ਘਟਨਾਕ੍ਰਮ 'ਚ ਸਭ ਤੋਂ ਵੱਡੀ ਮੁਸ਼ਕਿਲ ਇਹ ਹੈ ਕਿ ਇਸ ਕਬਾੜ ਨੂੰ ਇਕੱਠਾ ਕਰਕੇ ਧਰਤੀ 'ਤੇ ਵਾਪਸ ਲਿਆਉਣ ਦੀ ਕੋਈ ਯੋਜਨਾ ਨਹੀਂ ਹੈ। ਹਾਲਾਂਕਿ ਹੁਣ ਬਹੁਤ ਸਾਰੇ ਦੇਸ਼ ਹਨਰਹਿੰਦ-ਖੂੰਹਦ ਦੀ ਨਿਗਰਾਨੀ ਯੋਜਨਾਵਾਂ ਦਾ ਵਿਕਾਸ ਅਤੇ ਲਾਗੂ ਕਰਨਾ। ਕੁਝ ਸਮਾਂ ਪਹਿਲਾਂ ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਪੁਲਾੜ ਸਥਿਤੀ ਜਾਗਰੂਕਤਾ ਅਤੇ ਪ੍ਰਬੰਧਨ ਡਾਇਰੈਕਟੋਰੇਟ (ਡੀਐਸਐਸਏਐਮ) ਦੀ ਸਥਾਪਨਾ ਕੀਤੀ, ਜੋ ਪੁਲਾੜ ਕਬਾੜ ਦੀ ਨਿਗਰਾਨੀ ਕਰਦਾ ਹੈ। ਇਸ ਡਾਇਰੈਕਟੋਰੇਟ ਦੇ ਇਨਪੁਟਸ ਦੇ ਆਧਾਰ 'ਤੇ, ਪਿਛਲੇ ਸਾਲ ਇਸਰੋ ਨੇ ਆਪਣੇ ਉਪਗ੍ਰਹਿਆਂ ਨੂੰ ਕੂੜੇ ਨਾਲ ਟਕਰਾਉਣ ਤੋਂ ਬਚਾਉਣ ਲਈ 20 ਬਚਾਅ ਮਿਸ਼ਨ ਚਲਾਏ ਸਨ। ਸਵਾਲ ਇਹ ਹੈ ਕਿ ਇਹ ਕੂੜਾ ਕਿੱਥੋਂ ਆਉਂਦਾ ਹੈ? ਇੱਕ ਆਮ ਧਾਰਨਾ ਇਹ ਹੈ ਕਿ ਇਹ ਰਹਿੰਦ-ਖੂੰਹਦ ਸੂਰਜੀ ਸਿਸਟਮ ਵਿੱਚ ਹੀ ਐਸਟੇਰਾਇਡਜ਼ ਦੇ ਪਹਿਨਣ ਅਤੇ ਅੱਥਰੂ ਤੋਂ ਪੈਦਾ ਹੁੰਦਾ ਹੈ।ਇਹ ਹੈ ਕੁਝ ਕੂੜਾ ਬਾਹਰੀ ਪੁਲਾੜ ਤੋਂ ਵੀ ਉਲਕਾ ਦੇ ਰੂਪ ਵਿੱਚ ਆਉਂਦਾ ਹੈ। ਪਰ ਇਹ ਸਮੱਸਿਆ ਉਦੋਂ ਵਧਣੀ ਸ਼ੁਰੂ ਹੋ ਗਈ ਜਦੋਂ ਮਨੁੱਖ ਨੇ ਪੁਲਾੜ ਵਿੱਚ ਆਪਣੇ ਪੁਲਾੜ ਯਾਨ ਭੇਜਣੇ ਸ਼ੁਰੂ ਕਰ ਦਿੱਤੇ ਅਤੇ ਵੱਖ-ਵੱਖ ਉਦੇਸ਼ਾਂ ਲਈ ਵੱਖ-ਵੱਖ ਆਰਬਿਟ ਵਿੱਚ ਨਕਲੀ ਉਪਗ੍ਰਹਿ ਸਥਾਪਤ ਕਰਨੇ ਸ਼ੁਰੂ ਕਰ ਦਿੱਤੇ। ਜਦੋਂ ਇਨ੍ਹਾਂ ਵਿੱਚੋਂ ਕੁਝ ਸੈਟੇਲਾਈਟਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਜਾਂ ਵਾਹਨਾਂ ਵਿੱਚੋਂ ਕੁਝ ਚੀਜ਼ਾਂ ਸਪੇਸ ਵਿੱਚੋਂ ਨਿਕਲ ਗਈਆਂ ਜਾਂ ਉਹ ਖਰਾਬ ਹੋ ਗਈਆਂ, ਤਾਂ ਇਹ ਸਭ ਕਬਾੜ ਵਿੱਚ ਬਦਲ ਗਏ। ਇਸ ਦੀ ਤਾਜ਼ਾ ਉਦਾਹਰਣ ਇਹ ਹੈ ਕਿ ਜਦੋਂ ਤੋਂ ਰੂਸ ਨੇ ਅੰਤਰਰਾਸ਼ਟਰੀ ਪੁਲਾੜ ਕੇਂਦਰ (ਆਈ. ਐੱਸ. ਐੱਸ.) 'ਚ ਸਹਿਯੋਗ ਕਰਨ ਤੋਂ ਇਨਕਾਰ ਕਰ ਦਿੱਤਾ ਹੈ।ਇਸ ਤੋਂ ਇਨਕਾਰ ਕੀਤਾ ਗਿਆ ਹੈ, ਸਾਲ 2030 ਤੱਕ ਇਸ ਦੇ ਕਬਾੜ ਬਣਨ ਦੀ ਸੰਭਾਵਨਾ ਹੈ। ਇਸ ਸਾਲ ਫਰਵਰੀ ਵਿਚ ਰੂਸੀ ਪੁਲਾੜ ਏਜੰਸੀ ਦੇ ਤਤਕਾਲੀ ਨਿਰਦੇਸ਼ਕ ਦਮਿਤਰੀ ਰੋਗੋਜਿਨ ਨੇ ਪੁਲਾੜ ਵਿਚ ਅਮਰੀਕਾ ਅਤੇ ਯੂਰਪ ਦੇ ਨਾਲ ਆਰਥਿਕ ਪਾਬੰਦੀਆਂ ਅਤੇ ਸਹਿਯੋਗ ਦਾ ਜਵਾਬ ਦਿੰਦੇ ਹੋਏ ਕਿਹਾ ਸੀ ਕਿ ਰੂਸ ਤੋਂ ਬਿਨਾਂ ਯੂਰਪ, ਏਸ਼ੀਆ ਅਤੇ ਅਮਰੀਕਾ ਪੁਲਾੜ ਵਿਚ ਟਿਕ ਨਹੀਂ ਸਕਦੇ। ਅਜਿਹੀ ਸਥਿਤੀ ਵਿੱਚ ਆਈਐਸ ਨੂੰ ਭਾਰਤ-ਚੀਨ ਵਿੱਚ ਕਿਤੇ ਵੀ ਕੂੜੇ ਵਿੱਚ ਬਦਲਣ ਜਾਂ ਡਿੱਗਣ ਤੋਂ ਰੋਕਿਆ ਨਹੀਂ ਜਾ ਸਕਦਾ। ਇਹ ਸੱਚ ਹੈ ਕਿ ਹੁਣ ਪੁਲਾੜ ਵੀ ਮਨੁੱਖੀ ਦਖਲ ਤੋਂ ਬਚਿਆ ਨਹੀਂ ਹੈ। ਮਨੁੱਖੀ ਅੰਦਰੂਨੀਦੇਸ਼ ਵਿੱਚ ਪਹੁੰਚਣ ਦੇ ਕਈ ਫਾਇਦੇ ਹਨ, ਪਰ ਨੁਕਸਾਨ ਵੀ ਹਨ। ਨੁਕਸਾਨ ਇਹ ਹੈ ਕਿ ਇਕ ਪਾਸੇ ਤਾਂ ਉਥੇ ਕੂੜਾ ਪੈਦਾ ਹੋ ਰਿਹਾ ਹੈ ਅਤੇ ਦੂਜਾ ਪੁਲਾੜ ਯੁੱਧ ਦਾ ਖ਼ਤਰਾ ਵੀ ਵਧ ਰਿਹਾ ਹੈ। ਇਹ ਵਿਸ਼ਵਾਸ ਕਰਨਾ ਔਖਾ ਹੋਵੇਗਾ, ਪਰ ਇਹ ਸੱਚ ਹੈ ਕਿ ਸਭ ਤੋਂ ਪੁਰਾਣਾ ਮਨੁੱਖ ਦੁਆਰਾ ਬਣਾਇਆ ਕਬਾੜ ਅਜੇ ਵੀ ਪੁਲਾੜ ਵਿੱਚ ਹੈ। ਇਹ ਦੂਜਾ ਅਮਰੀਕੀ ਉਪਗ੍ਰਹਿ ਵੈਨਗਾਰਡ-1 ਹੈ, ਜਿਸ ਨੂੰ 1958 ਵਿੱਚ ਲਾਂਚ ਕੀਤਾ ਗਿਆ ਸੀ। ਸਾਲ 2018 ਵਿੱਚ ਪੁਲਾੜ ਦੀ ਰਹਿੰਦ-ਖੂੰਹਦ ਦਾ ਡਰ ਉਸ ਸਮੇਂ ਸਿਰ ਉੱਚਾ ਕਰ ਗਿਆ ਜਦੋਂ ਇਹ ਖਬਰ ਆਈ ਕਿ ਚੀਨੀ ਸਪੇਸ ਸਟੇਸ਼ਨ ਥਿਆਂਗੌਂਗ-1 ਕਬਾੜ ਦੇ ਰੂਪ ਵਿੱਚ ਕਿਸੇ ਸਮੇਂ ਧਰਤੀ ਨਾਲ ਟਕਰਾ ਸਕਦਾ ਹੈ। ਚੀਨੀ ਪੁਲਾੜ ਏਜੰਸੀ ਤੋਂਇਸ ਕੇਂਦਰ ਨਾਲ 2016 ਵਿੱਚ ਹੀ ਸੰਪਰਕ ਟੁੱਟ ਗਿਆ ਸੀ। ਬਾਅਦ 'ਚ ਦੱਸਿਆ ਗਿਆ ਕਿ ਇਹ ਧਰਤੀ 'ਤੇ ਹੀ ਡਿੱਗ ਗਿਆ ਸੀ। ਹਾਲਾਂਕਿ, ਇਸ ਖ਼ਬਰ ਤੋਂ ਕੁਝ ਰਾਹਤ ਮਿਲੀ ਹੈ ਕਿ ਲਗਭਗ ਨੌਂ ਟਨ ਵਜ਼ਨ ਵਾਲੇ ਪੁਲਾੜ ਸਟੇਸ਼ਨ ਦਾ ਵਜ਼ਨ ਧਰਤੀ ਦੀ ਸਤ੍ਹਾ 'ਤੇ ਪਹੁੰਚਣ ਤੱਕ ਇਕ ਤੋਂ ਚਾਰ ਟਨ ਤੱਕ ਘੱਟ ਗਿਆ ਸੀ। ਪਰ ਜਦੋਂ ਸਾਲ 1979 ਵਿੱਚ ਨਾਸਾ ਦੀ ਸਕਾਈਲੈਬ, ਜਿਸ ਦਾ ਵਜ਼ਨ 75 ਟਨ ਤੋਂ ਵੱਧ ਸੀ, ਧਰਤੀ ਉੱਤੇ ਡਿੱਗਿਆ ਤਾਂ ਦੁਨੀਆ ਭਰ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ, ਪਰ ਇਹ ਬਿਨਾਂ ਕਿਸੇ ਨੁਕਸਾਨ ਦੇ ਸਮੁੰਦਰ ਵਿੱਚ ਡਿੱਗ ਕੇ ਤਬਾਹ ਹੋ ਗਿਆ। ਪਿਛਲੇ ਛੇ-ਸੱਤ ਦਹਾਕਿਆਂ ਵਿੱਚ ਜਿਵੇਂ-ਜਿਵੇਂ ਵੱਖ-ਵੱਖ ਦੇਸ਼ਾਂ ਦੀਆਂ ਪੁਲਾੜ ਸੰਬੰਧੀ ਗਤੀਵਿਧੀਆਂ ਵਧੀਆਂ ਹਨ।ਉੱਥੇ ਹੀ, ਧਰਤੀ ਤੋਂ ਪਹੁੰਚਦਾ ਕੂੜਾ ਵਧਦਾ ਜਾ ਰਿਹਾ ਹੈ। ਜੁਲਾਈ 2016 ਵਿੱਚ, ਯੂਐਸ ਰਣਨੀਤਕ ਕਮਾਂਡ ਨੇ ਨਜ਼ਦੀਕੀ ਪੁਲਾੜ ਵਿੱਚ ਸਤਾਰਾਂ ਹਜ਼ਾਰ ਅੱਠ ਸੌ 52 ਨਕਲੀ ਵਸਤੂਆਂ ਨੂੰ ਰਿਕਾਰਡ ਕੀਤਾ, ਜਿਸ ਵਿੱਚ ਇੱਕ ਹਜ਼ਾਰ ਚਾਰ ਸੌ 19 ਨਕਲੀ ਉਪਗ੍ਰਹਿ ਸ਼ਾਮਲ ਹਨ। ਪਰ ਇਹ ਸਿਰਫ ਵੱਡੀਆਂ ਸੰਸਥਾਵਾਂ ਦੀ ਗੱਲ ਸੀ। ਇਸ ਤੋਂ ਪਹਿਲਾਂ, 2013 ਦੇ ਇੱਕ ਅਧਿਐਨ ਵਿੱਚ ਇੱਕ ਸੈਂਟੀਮੀਟਰ ਤੋਂ ਛੋਟੇ ਅਜਿਹੇ 17 ਮਿਲੀਅਨ ਟੁਕੜੇ ਪਾਏ ਗਏ ਸਨ ਅਤੇ ਇੱਕ ਤੋਂ 10 ਸੈਂਟੀਮੀਟਰ ਦੇ ਆਕਾਰ ਵਿੱਚ ਰਹਿੰਦ-ਖੂੰਹਦ ਦੀ ਗਿਣਤੀ ਲਗਭਗ 70 ਮਿਲੀਅਨ ਸੀ। ਪੁਲਾੜ ਵਿੱਚ ਬੇਤਰਤੀਬ ਘੁੰਮਦੀਆਂ ਇਹ ਚੀਜ਼ਾਂ ਕਿਸੇ ਵੀ ਪੁਲਾੜ ਮਿਸ਼ਨ ਦਾ ਦੌਰ ਬਣ ਸਕਦੀਆਂ ਹਨ।ਹਹ. ਕੁਝ ਸਮਾਂ ਪਹਿਲਾਂ ਸਾਊਥੈਂਪਟਨ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੇ ਗੂਗਲ ਅਤੇ ਸਪੇਸਐਕਸ ਵਰਗੀਆਂ ਨਿੱਜੀ ਕੰਪਨੀਆਂ ਦੇ ਭਵਿੱਖ ਦੇ ਪੁਲਾੜ ਪ੍ਰੋਗਰਾਮਾਂ ਨੂੰ ਦੇਖਦੇ ਹੋਏ, ਸਪੇਸ ਵਿੱਚ ਕਬਾੜ ਬਣਾਉਣ ਦੀਆਂ ਨਵੀਆਂ ਸੰਭਾਵਨਾਵਾਂ ਦਾ ਮੁਲਾਂਕਣ ਕੀਤਾ ਸੀ। ਖੋਜਕਰਤਾਵਾਂ ਦੇ ਅਨੁਸਾਰ, ਇੱਕ ਪਾਸੇ, ਗੂਗਲ ਅਤੇ ਐਲੋਨ ਮਸਕ ਦੀ ਕੰਪਨੀ ਸਪੇਸਐਕਸ ਦੁਨੀਆ ਵਿੱਚ ਤੇਜ਼ੀ ਨਾਲ ਵਾਇਰਲੈੱਸ ਇੰਟਰਨੈਟ ਦਾ ਵਿਸਤਾਰ ਕਰਨ ਅਤੇ ਸੈਲਾਨੀਆਂ ਨੂੰ ਪੁਲਾੜ ਵਿੱਚ ਲਿਜਾਣ ਲਈ ਅਗਲੇ ਕੁਝ ਸਾਲਾਂ ਵਿੱਚ ਸੈਂਕੜੇ ਰਾਕੇਟ, ਵਾਹਨ ਅਤੇ ਉਪਗ੍ਰਹਿ ਪੁਲਾੜ ਵਿੱਚ ਭੇਜਣ ਜਾ ਰਹੀ ਹੈ। ਇਨ੍ਹਾਂ ਯੋਜਨਾਵਾਂ ਦੇ ਆਧਾਰ 'ਤੇ ਇਹ ਅਨੁਮਾਨ ਲਗਾਇਆ ਗਿਆ ਹੈ ਕਿ ਅਗਲੇ ਕੁਝਛੇ ਸਾਲਾਂ ਵਿੱਚ ਇਨ੍ਹਾਂ ਉਪਗ੍ਰਹਿਆਂ ਦੇ ਪੁਲਾੜ ਵਿੱਚ ਪਹੁੰਚਣ ਨਾਲ ਇਨ੍ਹਾਂ ਵਿਚਕਾਰ ਟੱਕਰਾਂ ਦੀ ਗਿਣਤੀ ਪੰਜਾਹ ਫੀਸਦੀ ਵਧ ਜਾਵੇਗੀ। ਵਰਤਮਾਨ ਵਿੱਚ, ਹਰ ਸਾਲ ਉਪਗ੍ਰਹਿ ਅਤੇ ਉਨ੍ਹਾਂ ਦੇ ਟੁਕੜਿਆਂ ਵਿਚਕਾਰ ਟਕਰਾਉਣ ਦੀਆਂ ਢਾਈ ਸੌ ਤੋਂ ਵੱਧ ਘਟਨਾਵਾਂ ਹੁੰਦੀਆਂ ਹਨ। ਕੁਝ ਸਮਾਂ ਪਹਿਲਾਂ ਨਾਸਾ ਨੇ ਉਨ੍ਹਾਂ ਦੇਸ਼ਾਂ ਦੀ ਸੂਚੀ ਤਿਆਰ ਕੀਤੀ ਸੀ ਜੋ ਪੁਲਾੜ ਵਿੱਚ ਇਸ ਕਬਾੜ ਲਈ ਜ਼ੰਮਿੇਵਾਰ ਹਨ। ਇਨ੍ਹਾਂ ਵਿੱਚੋਂ ਪਹਿਲਾ ਰੂਸ ਦਾ ਹੈ। ਇਸ ਤੋਂ ਬਾਅਦ ਅਮਰੀਕਾ, ਫਰਾਂਸ, ਚੀਨ, ਭਾਰਤ, ਜਾਪਾਨ ਅਤੇ ਯੂਰਪੀਅਨ ਸਪੇਸ ਏਜੰਸੀ ਦਾ ਨੰਬਰ ਆਉਂਦਾ ਹੈ। ਜ਼ਿਆਦਾਤਰ ਕਬਾੜ ਧਰਤੀ ਤੋਂ ਪੰਜ ਸੌ ਮੀਲ ਤੋਂ ਛੇ ਸੌ ਪੱਚੀ ਮੀਲ ਤੱਕ ਹੈ।ਮੱਧ ਵਿੱਚ ਫੈਲ. ਪਹਿਲੇ ਸਪੁਟਨਿਕ-1 ਉਪਗ੍ਰਹਿ ਨੂੰ ਪੁਲਾੜ ਵਿੱਚ ਭੇਜਣ ਤੋਂ ਬਾਅਦ ਮਨੁੱਖਾਂ ਨੇ ਧਰਤੀ ਤੋਂ ਹਜ਼ਾਰਾਂ ਟਨ ਕੂੜਾ ਪੁਲਾੜ ਵਿੱਚ ਸੁੱਟ ਦਿੱਤਾ ਹੈ। ਪਿਛਲੇ ਕਰੀਬ ਪੰਜਾਹ ਸਾਲਾਂ ਦੌਰਾਨ ਪੁਲਾੜ ਵਿੱਚ ਭੇਜੇ ਗਏ ਸੰਚਾਰ ਉਪਗ੍ਰਹਿ, ਪੁਲਾੜ ਪ੍ਰਯੋਗਸ਼ਾਲਾਵਾਂ, ਮਾਨਵ ਰਹਿਤ ਵਾਹਨਾਂ, ਮਾਲਵਾਹਕ ਵਾਹਨਾਂ ਕਾਰਨ ਪੁਲਾੜ ਧਰਤੀ ਤੋਂ ਬਾਹਰ ਇੱਕ ਵੱਡਾ ਕਬਾੜ ਘਰ ਬਣ ਗਿਆ ਹੈ। ਇਸ ਤੋਂ ਇਲਾਵਾ ਕੁਦਰਤ ਨੇ ਸਾਡੀ ਧਰਤੀ ਦੇ ਨੇੜੇ ਹਜ਼ਾਰਾਂ ਅਜਿਹੇ ਛੋਟੇ-ਵੱਡੇ ਸਰੀਰ ਪੁਲਾੜ ਵਿੱਚ ਵੀ ਰੱਖੇ ਹੋਏ ਹਨ, ਜੋ ਸਮੁੱਚੀ ਮਨੁੱਖੀ ਸਭਿਅਤਾ ਲਈ ਕਿਸੇ ਵੀ ਸਮੇਂ ਧਰਤੀ ਦੇ ਵਾਯੂਮੰਡਲ ਵਿੱਚ ਦਾਖਲ ਹੋ ਸਕਦੇ ਹਨ।ਤਬਾਹੀ ਦਾ ਖ਼ਤਰਾ ਪੈਦਾ ਕਰ ਸਕਦਾ ਹੈ। ਸਵਾਲ ਇਹ ਹੈ ਕਿ ਇਸ ਸਮੱਸਿਆ ਦਾ ਹੱਲ ਕੀ ਹੈ? ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਕਬਾੜ ਨੂੰ ਪੁਲਾੜ ਤੋਂ ਇਕੱਠਾ ਕਰਕੇ ਧਰਤੀ 'ਤੇ ਵਾਪਸ ਲਿਆਉਣਾ ਹੀ ਇੱਕੋ ਇੱਕ ਹੱਲ ਹੈ। ਹਾਲਾਂਕਿ, ਅੱਜ ਵੀ ਅਜਿਹੀ ਪ੍ਰਭਾਵੀ ਤਕਨੀਕ ਦੀ ਖੋਜ ਨਹੀਂ ਕੀਤੀ ਗਈ ਹੈ, ਜਿਸ ਨਾਲ ਪੁਲਾੜ ਦੇ ਕਬਾੜ ਨੂੰ ਸਾਫ਼ ਕੀਤਾ ਜਾ ਸਕੇ। ਪਰ ਅਜਿਹੀ ਤਕਨੀਕ ਨੂੰ ਭਵਿੱਖ ਵਿੱਚ ਲਾਂਚ ਕੀਤੇ ਜਾਣ ਵਾਲੇ ਸੈਟੇਲਾਈਟਾਂ ਅਤੇ ਬੂਸਟਰ ਰਾਕੇਟ ਦੇ ਇੰਜਣਾਂ ਵਿੱਚ ਲਗਾਇਆ ਜਾ ਸਕਦਾ ਹੈ ਤਾਂ ਜੋ ਵਰਤੋਂ ਤੋਂ ਬਾਅਦ ਉਹ ਪੁਲਾੜ ਵਿੱਚ ਨਾ ਰਹਿਣ, ਸਗੋਂ ਧਰਤੀ ਉੱਤੇ ਵਾਪਸ ਆ ਜਾਣ। ਇੱਕ ਸਸਤਾ ਵਿਕਲਪ ਤੁਹਾਡੇ ਮਿਸ਼ਨ ਨੂੰ ਪੂਰਾ ਕਰਨਾ ਹੋ ਸਕਦਾ ਹੈ।ਕੁਝ ਵਾਪਸ ਪਰਤ ਰਹੇ ਸ਼ਟਲ ਨੇ ਵੀ ਕੁਝ ਕੂੜਾ ਇਕੱਠਾ ਕੀਤਾ ਅਤੇ ਆਪਣੇ ਨਾਲ ਲੈ ਗਏ।

*-ਵਿਜੈ ਗਰਗ*
*ਲੇਖਕ ਅਤੇ ਕਾਲਮਨਵੀਸ*
*ਮਲੋਟ, ਪੰਜਾਬ।*

# ਖੂੰਖਾਰ

ਗੱਲ ਉਹਨਾਂ ਦਿਨਾਂ ਦੀ ਏ , ਜਦੋਂ ਊਠਾਂ ' ਤੇ ਹੀ ਸਫ਼ਰ ਕਿੱਤਾ ਜਾਂਦਾ ਸੀ। ਅਨਾਜ਼ ਦੀ ਖੇਤੀ ਵਿੱਚੋਂ ਜੋ ਵੀ ਉਪਜ ਹੁੰਦੀ , ਘਰ ਖਾਣ ਨੂੰ ਰੱਖ ਕੇ ਬਾਕੀ ਅਨਾਜ਼ ਊਠਾਂ ਉੱਤੇ ਲੱਦ ਕੇ ਦੂਸਰੇ ਇਲਾਕਿਆਂ ਵਿੱਚ ਵੇਚ ਦਿੱਤਾ ਜਾਂਦਾ, ਜਿੱਸ ਨਾਲ ਹਾੜ੍ਹੀ ਸਾਉਣੀ ਘਰ ਦਾ ਖਰਚਾ ਨਿੱਕਲ ਜਾਂਦਾ ਸੀ। ਮਗਰ ਇਕ ਤਾਂ ਊਠਾਂ 'ਤੇ ਸਫ਼ਰ ਕਰਨਾ ਔਖ਼ਾ ਸੀ ਦੂਸਰਾ ਰਾਸਤੇ ਜੰਗਲਾਂ ਤਾਈਂ ਹੋਕੇ ਨਿੱਕਲਦੇ ਸਨ। ਪੂਰੇ ਸਫ਼ਰ ਦੌਰਾਨ ਮੌਤ ਹਮਸਾਏ ਵਾਂਗ ਨਾਲ ਤੁਰਦੀ ਸੀ।

" ਅੱਜ ਤਾਂ ਸੁਵਖਤੇ ਹੀ ਅੱਖ ਖੁੱਲ੍ਹ ਗਈ , ਖ਼ੈਰ ਚੰਗਾ ਹੀ ਹੋਇਆ ਉਂਝ ਵੀ ਅੱਜ ਅਨਾਜ਼ ਲੈਕੇ ਛੱਪੜੀ ਵਾਲੇ ਪਿੰਡ ਜਾਣਾ ਏ । ਹੈ ਤਾਂ ਖਾਸਾ ਦੂਰ ਦਾ ਪੈਂਡਾ , ਮਗਰ ਗਾਲਬਨ ਅਨਾਜ਼ ਦਾ ਦਾਮ ਚੋਖਾ ਮਿਲ਼ ਜਾਊ " ਸੋਚਦਿਆਂ ਦੋਨੋਂ ਹੱਥ ਧਰਤੀ ਨੂੰ ਛੂਹ ਕੇ ਸ਼ੁੱਕਰ ਕਿੱਤਾ,ਫ਼ਿਰ ਉਪਰ ਵਾਲੇ ਨੂੰ ਸਲਾਮ ਕਰਦਿਆਂ ਮੰਜੇ ਦੀ ਜਾਨ ਸੌਖੀ ਕੀਤੀ 'ਤੇ ਆਪਣੇ ਪੈਰਾਂ ਨੂੰ ਕਸ਼ਟ ਸਹਿਣ ਲਈ ਕਿਹਾ। ਉਮਰ ਆਪਣੇ ਰੰਗ ਦਿਖਾਉਣ ਲੱਗ ਪਈ 'ਤੇ ਸਰੀਰ ਅਪਣੇ । ਉੱਠ ਮੈਂ ਪਸ਼ੂਆਂ ਨੂੰ ( ਜਿਹੜੇ ਕੱਲ੍ਹ ਤੋਂ ਲਗਾਤਾਰ ਹੋ ਰਹੇ ਮੀਂਹ ਦੇ ਮੌਸਮ ਦੀ ਮਾਰ ਤੋਂ ਬਚਾਉਣ ਲਈ ਅੰਦਰ ਬੱਝੇ ਹੋਏ ਸਨ। ) ਬਾਹਰ ਕੱਢ , ਟੋਕਾ - ਟੋਕਾ ਕੂ ਤੂੜੀ ਦਾ ਖੁਰਲੀ ਵਿੱਚ ਸੁੱਟ ਥੋੜ੍ਹੀ ਫੁਰਤੀ ਨਾਲ ਅੰਦਰ ਵੱਲ ਨੂੰ ਹੋ ਵਰਾਂਡੇ ਵਿੱਚ ਡਿੱਠੀ ਕੁਰਸੀ ਉੱਤੇ ਜਾ ਬੈਠਿਆ।

" ਆ ਪਰਕਾਸ਼ ਕੌਰੇ... ਮੈਂ ਕਿਹਾ, ਲਿਆ ਦੋ ਘੁੱਟ ਚਾਹ ਦੇ ਪਿਆ ਦੇ , ਸਰੀਰ ਤਾਜ਼ਾ ਕਰੀਏ "

ਅੰਦਰੋਂ ਘਰਵਾਲੀ ਨੇ ਖਿਝੀ ਹੋਈ ਨੇ ਬੂਹਾ ਖੋਲ੍ਹ ਚਾਹ ਦਾ ਗਿਲਾਸ , ਜਿਹੜਾ ਪੋਟਾ ਕੂ ਹੀ ਉਣਾ ਸੀ ਕੁਰਸੀ ਲਾਗੇ ਲਿਆ ਧਰਿਆ। ਗੁੱਸੇ ਦਾ ਤਾਪਮਾਨ ਐਨਾ ਸੀ ਕਿ ਗਿਲਾਸ ਪਹਿਲਾਂ ਪੋਟਾ ਕੂ ਉਣਾ ਸੀ ਫਿਰ ਪੋਟਾ ਕੂ ਹੀ ਰਹਿ ਗਿਆ। ਗਿਲਾਸ ਰੱਖਦਿਆਂ ਹੀ ਚਾਹ ਉੱਛਲ ਕੇ ਉਹਦੇ ਆਪਣੇ ਹੀ ਹੱਥ 'ਤੇ ਜਾ ਪਈ। ਗੁੱਸਾ ਖੌਰੇ ਕਿਹੜੀ ਗੱਲ ਦਾ ਕਿੱਸ 'ਤੇ ਸੀ , ਚਮੜੀ ਅਪਣੀ ਸਾੜ ਲਈ । ਉਹ ਕਹਿੰਦੇ ਨੇ ਸਿਆਣੇ ਗੁੱਸੇ ਵਿੱਚ ਇਨਸਾਨ ਅਪਣਾ ਹੀ ਨੁਕਸਾਨ ਕਰਦਾ ਏ।

__ ਖ਼ੈਰ , ਮੈਂ ਚਹਿਕਦੇ ਪਰਿੰਦੇ 'ਤੇ ਠੰਢੀ - ਠੰਢੀ ਮਿੱਠੀ- ਮਿੱਠੀ ਪੌਣ ਨੂੰ ਮਾਣਦੇ ਹੋਏ ਨੇ ਚਾਹ ਦੀਆਂ ਚੁੱਸਕੀਆਂ ਦਾ ਆਨੰਦ ਲਿਆ । ਕੁੱਝ ਕੂ ਪਲਾਂ ਮਗਰੋਂ ਬਿੱਕਰ ਸਿਉਂ ਊਠ ਲੈਕੇ ਆ ਗਿਆ , " ਜੈ ਮਹਾਰਾਜ ਦੀ , ਕੱਲਗੀਆਂ ਵਾਲੇ ਦੀ ਕਿਵੇਂ ਨੇ ਸਿਹਤਾਂ ਭਾ ? "

" ਚੜ੍ਹਦੀ ਕਲਾ , ਚੜ੍ਹਦੀ ਕਲਾ ! ਤੂੰ ਸੁਣਾ ਸਫ਼ਰ ਲੰਬਾ ਕਰ ਆਇਆਂ ਏ , ਰਾਹਾਂ ਨੇ ਸਾਥ ਨੀ ਛੱਡਿਆ ਸੌਖਾ।"



ਮਨਜੋਤ ਕੌਰ ਸਹੋਤਾ (ਕੈਨੇਡਾ)

" ਭਾ ਤੈਨੂੰ ਵੀ ਪਤਾ ਏ , ਇਹ ਰਾਹ ਮੌਤ ਤੱਕ ਸਾਥ ਨੀ ਛੱਡਦੇ 'ਤੇ ਨਾ ਬੰਦਾ ਇਹਨਾਂ ਰਾਹਾਂ ਤੋਂ ਅੱਕਦਾ ਏ । ਜੇਕਰ ਅੱਕ ਵੀ ਜਾਵੇ ਤਾਂ ਲੋੜਾਂ ਕੋਹਾਂ ਦੂਰ ਲਿਜਾ ਛੱਡਦੀਆਂ ਨੇ , ਕਿ ਬੰਦਾ ਫ਼ਿਰਿ ਉਨ੍ਹੀਂ ਰਾਹੀਂ ਤੁਰਨ ਨੂੰ ਮਜ਼ਬੂਰ ਹੋ ਜਾਂਦਾ ਏ। "

" ਹਮਮ.... ਮ ... , ਚੱਲ ਆ ਬੈਠ , ਉਹ ਮੰਜੀ ਉਰਾਂ ਨੂੰ ਫੜ ਲੈ।

ਨਾਲ ਹੀ ਫਿਰ ਘਰਵਾਲੀ ਨੂੰ ਆਵਾਜ਼ ਦਿੰਦਾ ਹੋਇਆ , " ਆ.... ਸਰਦਾਰਨੀਏ ਜਵਾਕ ਭਲਾ ਕਿੱਥੇ ਨੇ ? ਬਿੱਕਰ ਸਿਉਂ ਆਇਆ ਜੇ , ਚਾਹ ਦੀ ਪਿਆਲੀ ਹੀ ਭਿਜਵਾ ਦਿੰਦੀ ।

ਇਸ ਤੋਂ ਪਹਿਲੋਂ ਕਿ ਉਹ ਕੁੱਝ ਬੋਲਦੀ , " ਨਾ - ਨਾ ਭਾ , ਮੈਂ ਤਾਂ ਅੱਗੇ ਹੀ ਕਾਹਲ ਵਿੱਚ ਹਾਂ , ਨਾ ਭਾਬੀ ਚਾਹ ਨਾ ਲਿਆਵੀਂ।"

ਬੱਸ ਮੁੱਕ ਚੱਲਿਆ ਸਫ਼ਰ ਵੀ , ਹੋਰ ਥੋੜ੍ਹੇ ਕਦਮ ਨੇ । ਹੋਰ ਸੁਣਾ ਦੇਰ ਕਿਉਂ ਹੋ ਗਈ? ਤੂੰ ਤਾਂ ਕੱਲ ਵਾਪਿਸ ਆਉਣ ਵਾਲ਼ਾ ਸੀ? "

" ਹਾਂ ਸੱਚ ਭਾ , ਫ਼ਕੀਰੀ ਦੀ ਕੁਟੀਆ ਦੇ ਲਾਗੇ ਜਿਹੜੇ ਉੱਚੇ ਕੋਠੇ ਵਾਲੇ ਘਰ ਦੇ ਪੋਤੇ ਦੀ ਰੂਹ ਅਕਾਲ ਨੂੰ ਜਾ ਮਿਲੀ ਕੱਲ।"

" ਹੈਂ... ! , ਉਹ ਤਾਂ ਅਜੇ ਲੈਰਾ ਹੀ ਹੋਊ ਆਪਣੇ ਜੁਆਕਾਂ ਵਰਗਾ।"

" ਹਾਂ ਸੀ ਤਾਂ , ਉਹ ਨਹਿਰ ਦੇ ਚੜ੍ਹਦੇ ਪਾਸੇ ਵੱਲ ਕੋਈ ਖੂੰਖਾਰ ਫ਼ਿਰਿ ਰਿਹਾ ਮਸਤਿਆ ਹੋਇਆ ਕਈ ਦਿਨਾਂ ਤੋਂ। ਤੂੰ ਵੀ ਥੋੜ੍ਹਾ ਧਿਆਨ ਨਾਲ ਜਾਵੀਂ , ਸੁਣਿਆ ਉਹਨੇ ਹੀ ਜਵਾਕ ' ਤੇ ਹਮਲਾ ਕਿੱਤਾ ਸੀ ।"

" ਚਲ ਸੋਹਰੀ ਦਿਆ , ਕਮਲੀਆਂ ਨਾ ਮਾਰ , ਲੁਟੇਰੇ ਅਪਨਾ ਹੱਥ ਸਾਫ ਕਰ ਗਏ ਹੁਣੇ ਨੇ , ਲੋਕ ਇੰਨੇ ਸਾਲਾਂ ਤੋਂ ਐਵੀ ਵਹਿਮ ਪਾਲੀ ਬੈਠੇ ਨੇ ਖੂੰਖਾਰ ਦਾ।"

" ਹੋ ਵੀ ਸਕਦਾ ! ਫਿਰ ਵੀ ਧਿਆਨ ਰੱਖੀ , ਚੱਲ ਮੈਂ ਚੱਲਦਾਂ ।"

ਉਸ ਦੀ ਇਸ ਗੱਲ ਨੇ ਮਨ ਥੋੜ੍ਹਾ ਬੇਚੈਨ ਕਰ ਦਿੱਤਾ । ਫਿਰ ਖਿਆਲ ਨੂੰ ਠੰਢੀ ਰੁੱਤ ਦੇ ਹਵਾਲੇ ਕਰ , ਹੌਸਲੇ ਨੂੰ ਡੰਡੀ ਦਿਖਾ ਦਿੱਤੀ। ਊਠ 'ਤੇ ਅਨਾਜ਼ ਦੀਆਂ ਬੋਰੀਆਂ ਰੱਖ ਮੈਂ ਸਫ਼ਰ ਦੀ ਹਿੱਕ 'ਤੇ ਪੈਰ ਧਰਿਆ। ਜਾਂਦਿਆਂ ਹੋਇਆਂ ਜਦੋਂ ਸੂਰਜ ਢਲਣ ਲੱਗਾ ਤਾਂ ਮਨ ਦੋ ਚਿੱਤਾ ਜਿਹਾ ਹੋਣ ਲੱਗਿਆ , ਇਕ ਦਿੱਲ ਕਰੇ ਵਾਪਿਸ ਘਰ ਵੱਲ ਨੂੰ ਹੋ ਤੁਰਿਆ ਜਾਵੇ ਤੇ ਕਦੀ ਖਿਆਲ ਆਵੇ ਅਨਾਜ਼ ਨਾ ਵੇਚਿਆ ਤਾਂ ਘਰ ਦਾ ਖ਼ਰਚ ਕਿੱਥੋਂ ਚੱਲੂ । ਜਿਗਰਾ ਮਜ਼ਬੂਤ ਕਰ ਮੈਂ ਰਫ਼ਤਾਰ ਥੋੜ੍ਹੀ ਤੇਜ਼ ਕੀਤੀ। ਇੰਨੇ ਨੂੰ ਮੈਨੂੰ ਥੋੜ੍ਹੀ ਦੂਰ ਰੌਸ਼ਨੀ ਜਿਹੀ ਵਿਖਾਈ ਦਿੱਤੀ। ਮੈਨੂੰ ਖਿਆਲ ਆਇਆ ਲਾਗੇ ਹੀ ਸ਼ਮਸ਼ਾਨ ਘਰ ਏ , ਮੈਂ ਥੋੜ੍ਹਾ ਫੁਰਤੀ ਨਾਲ ਅੱਗੇ ਵਧਿਆ ਤਾਂ ਉੱਥੇ ਕਿੱਸੇ ਦਾ ਮਸਾਣ ਜਲ ਰਿਹਾ ਸੀ। ਮੈਂ ਲਾਗੇ ਜਾਕੇ ਊਠ ਨੂੰ ਇਕ ਪਾਸੇ ਬੰਨ੍ਹ, ਆਪ ਜਲਦੇ ਮਸਾਣ ਲਾਗੇ ਚਾਦਰ ਰੱਖ ਬਹਿ ਗਿਆ। ਸ਼ੁੱਕਰ ਕਰ ਰਿਹਾ ਸੀ ਮਾਲਕ ਦਾ ਕਿ ਰਾਤ ਕੱਟਣ ਲਈ ਕੋਈ ਸਹਾਰਾ ਮਿਲਿਆ, ਸੁਣਿਆ ਸੀ ਕੇ ਜਾਨਵਰ ਅੱਗ ਲਾਗੇ ਕਦੀ ਨਹੀਂ ਆਉਂਦੇ ।ਇਹ ਗੱਲ ਵੀ ਸੁਣਦੇ ਆ ਰਹੇ ਸੀ ਕਿ ਸ਼ਮਸ਼ਾਨ ਉਸ ਮਾਲਕ ਦੀ ਹੋਂਦ ਦਾ ਘਰ ਕੇ , ਇਹਨੂੰ ਸੱਚਘਰ ਵੀ ਕਹਿੰਦੇ ਨੇ । ਖ਼ੈਰ , ਰਾਤ ਕੱਟਣ ਲਈ ਖਾਲੀ ਇਹੀ ਇਕ ਸਹਾਰਾ ਨਜ਼ਰੀਂ ਪਿਆ। ਐਨਾ ਡਰ ਮੈਨੂੰ ਸ਼ਮਸ਼ਾਨ ਤੋਂ ਨਹੀਂ ਲੱਗ ਰਿਹਾ ਸੀ ਜਿੰਨਾ ਰਾਤ ਦੇ ਹਨੇਰੇ ਦਾ ਭੈ ਸੀ। ਮੈਂ ਇਕੱਠਾ ਜਿਹਾ ਹੋ ਕੁੰਡਲੀ ਮਾਰ ਸੋ ਗਿਆ , ਐਸੀ ਅੱਖ ਲੱਗੀ ਕਿ ਅੱਖ ਬੜਾ ਵਡਾ ਦਿਨ ਚੜ੍ਹੇ 'ਤੇ ਖੁੱਲੀ । ਮੈਂ ਉੱਠ ਊਠ ਲੈ ਚਾਦਰ ਲੱਕ ਨਾਲ ਬੰਨ੍ਹ ਲੋਈ ਦੀ ਬੁੱਕਲ ਮਾਰ ਅਪਣੀ ਮੰਜ਼ਲਿ ਵੱਲ ਤੁਰ ਪਿਆ।

ਪੁੱਜ ਕਿ ਮੈਂ ਵਧੀਆ ਦਾਮ ਤੇ ਅਨਾਜ ਵੇਚ ਕੇ ਕਾਫ਼ੀ ਪੂੰਜੀ ਇਕੱਠੀ ਕਰ ਲਈ 'ਤੇ ਉਸ ਹੀ ਸ਼ਾਮ ਵਾਪਿਸ ਤੁਰ ਪਿਆ। ਮੌਸਮ ਖਰਾਬ ਹੋਣ ਦੇ ਹਾਲਾਤ ਬਣ ਰਹੇ ਸੀ 'ਤੇ ਸੋਚਿਆ ਰਾਤ ਹੋਣ ਤੋਂ ਪਹਿਲਾਂ ਘਰ ਪੁੱਜ ਜਾਵਾਂ। ਮੈਂ ਵਾਪਸੀ ਦਾ ਸਫ਼ਰ ਸ਼ੁਰੂ ਕਰ ਦਿੱਤਾ , ਉਹੀ ਰਾਹ ਮੈਨੂੰ ਮੁੜ ਫੜਨਾ ਪਿਆ ਜਿਸ ਰਾਹੇ ਮੈਂ ਆਇਆ ਸੀ। ਆਰਾਮ ਵੀ ਨਹੀਂ ਸੀ ਕਰ ਸਕਦਾ ਮੈਨੂੰ ਜੰਗਲ ਪਾਰ ਕਰਨ ਦੀ ਕਾਹਲ ਜੋ ਸੀ , ਇਕ ਤਾਂ ਮੌਸਮ ਦੀ ਚੇਤਾਵਨੀ ਉੱਤੋਂ ਇਸ ਵਾਰ ਤਾਂ ਕੋਈ ਮਸਾਣ ਵੀ ਜਲਦਾ ਨਹੀਂ ਵਿਖਾਈ ਦਿੱਤਾ। ਉੱਤੋਂ ਹਨ੍ਹੇਰੀ ਰਾਤ 'ਤੇ ਗਰਜਦੇ ਬੱਦਲ , ਸੁੰਨਸਾਨ ਜਿਹਾ ਮੌਸਮ ਸੀ । ਹਵਾ ਵੀ ਜਿਵੇਂ ਕਿੱਸੇ ਦੇ ਭੈ ਤੋਂ ਸਾਹ ਰੋਕੀ ਬੈਠੀ ਸੀ। ਸਿਰਫ ਬਦਲ ਹੀ ਗਰਜਦੇ ਸੁਣਾਈ ਦੇ ਰਹੇ ਸਨ।

ਮੈਂ ਘਬਰਾਹਟ 'ਚ ਸਿਗਰਟ ਬਾਲ ਲਈ 'ਤੇ ਹੌਸਲਾ ਕਰ ਕਦਮਾਂ ਨੂੰ ਹੱਲਾ ਸ਼ੇਰੀ ਦਿੰਦਾ ਰਿਹਾ। ਅਜੇ ਕੁੱਝ ਕੂ ਕਦਮ ਦੂਰ ਗਿਆ ਸਾਂ ਕੇ ਮੈਨੂੰ ਕੁੱਝ ਅਜੀਬ ਜਿਹੀ ਆਹਟ ਸੁਣਾਈ ਦਿੱਤੀ, ਜਿਵੇਂ ਕੋਈ ਮੇਰਾ ਪਿੱਛਾ ਕਰ ਰਿਹਾ ਹੋਵੇ। ਮੈਂ ਸੋਚਿਆ ਕੋਈ ਲੁਟੇਰਾ ਹੀ ਨਾ ਹੋਏ , ਮੈਂ ਅੱਖ ਚੁਰਾ ਕਿ ਵੇਖਣ ਦਾ ਯਤਨ ਕੀਤਾ ਮਗਰ ਪਿੱਛੇ ਕੋਈ ਇੰਨਸਾਨ ਨਹੀਂ ਵਿਖਾਈ ਦਿੱਤਾ। ਮਗਰ ਕੋਈ ਤਾਂ ਹੈ , ਏਨੇ ਨੂੰ ਬਾਘ ਦੀ ਮੱਠੀ ਜਿਹੀ ਗਰਜ ਕੰਨੀ ਪਈ। ਮੌਤ ਮੇਰਾ ਪਿੱਛਾ ਕਰ ਰਹੀ ਸੀ , ਮੇਰਾ ਰੰਗ ਡਰ ਨਾਲ ਪਿੱਲਾ ਪੈ ਗਿਆ। ਸਤਿਗੁਰ ਅੱਗੇ ਅਰਦਾਸ ਕੀਤੀ 'ਤੇ ਬਚਣ ਦਾ ਰਾਹ ਸੋਚਣ ਲੱਗਿਆ। ਫ਼ਿਰ ਅਹਿਸਾਸ ਹੋਇਆ ਕਿ ਇਹ ਬਾਘ ਕਾਫ਼ੀ ਚਿਰ ਤੋਂ ਪਿੱਛਾ ਹੀ ਕਰ ਰਿਹਾ ਏ ਆਖਿਰ ਇਹਨੇ ਹਮਲਾ ਕਿਉਂ ਨਹੀਂ ਕੀਤਾ ? ਮੇਰਾ ਧਿਆਨ ਜਲਦੀ ਸਿਗਰਟ ਵੱਲ ਗਿਆ । ਹਾਂ ਜਾਨਵਰ ਅੱਗ ਤੋਂ ਖੌਫ ਖਾਂਦੇ ਨੇ , ਹਨ੍ਹੇਰੇ ਵਿੱਚ ਸਿਗਰਟ ਅੱਗ ਵਾਂਗ ਜਾਪਦੀ ਹੋਊ। ਉਹ ਇਸ ਸਿਗਰਟ ਨੂੰ ਅੱਗ ਸਮਝ ਕੇ ਡਰ ਰਿਹਾ ਹੋਏ ਗਾ। ਮੈਂ ਉਸ ਮਗਰੋਂ ਉਹ ਸਿਗਰਟ ਬੁਝਣ ਹੀ ਨਹੀਂ ਦਿੱਤੀ, ਇਕ ਦੀ ਜਗ੍ਹਾ ਮੈਂ ਦੋ - ਦੋ ਬਾਲ ਲਈਆਂ ਇਕ ਖਤਮ ਹੋਣ ਲਗਦੀ , ਨਾਲ ਹੋਰ ਲੱਗਾ ਲੈਂਦਾ । ਐਵੇਂ ਕਰਦੇ - ਕਰਦੇ ਮੈਂ ਜੰਗਲ ਵਿੱਚੋਂ ਬਾਹਰ ਨਿੱਕਲ ਆਇਆ, 'ਤੇ ਉਹ ਬਾਘ ਵਾਪਿਸ ਪਰਤ ਗਿਆ। ਮੈਂ ਘਰ ਪੁੱਜ ਕਿ ਮਾਲਕ ਦਾ ਸ਼ੁਕਰ ਕਿੱਤਾ । ਓਹ ਹਾਦਸਾ ਮੈਨੂੰ ਅੱਜ ਤਾਈਂ ਯਾਦ ਏ ਕਿ ਕਿਵੇਂ ਮੌਤ ਦੇ ਸਾਏ ਹੇਠ ਮੈਂ ਸਫਰ ਤੋਂ ਵਾਪਿਸ ਪਰਤਿਆ ਸੀ।

ਸਮਾਪਤ।

# ਫ਼ੌਜ ਵਿੱਚ ਅਧਿਕਾਰੀਆਂ ਤੇ ਜਵਾਨਾਂ ਦੀ ਕਮੀ ਚਿੰਤਾਜਨਕ

ਬ੍ਰਿਗੇ. ਕੁਲਦੀਪ ਸਿੰਘ ਕਾਹਲੋਂ

ਲੋਕ ਸਭਾ ਵਿੱਚ 21 ਜੁਲਾਈ ਨੂੰ ਹਥਿਆਰਬੰਦ ਸੈਨਾਵਾਂ ਦੀਆਂ ਅਨੇਕਾਂ ਚੁਣੌਤੀਆਂ ਦੇ ਸਨਮੁੱਖ ਦੋ ਵੱਡੇ ਪਹਿਲੂ ਉਭਰ ਕੇ ਸਾਹਮਣੇ ਆਏ। ਪਹਿਲਾਂ ਮੁੱਦਾ ਫੌਜ ਵਿੱਚ ਅਫਸਰਾਂ ਉੱਤੇ ਜਵਾਨਾਂ ਦੀ ਘਾਟ ਤੇ ਦੂਸਰਾ ਰੱਖਿਆ ਮਾਮਲਿਆਂ ਬਾਰੇ ਪਾਰਲੀਮੈਂਟ ਦੀ ਕੇਂਦਰੀ ਸਥਾਈ ਕਮੇਟੀ ਦੀ ਕਾਰਜਸ਼ੈਲੀ ਬਾਰੇ ਹੈ। ਪਾਰਲੀਮੈਂਟ ਵਿੱਚ ਜੋ ਵੇਰਵੇ ਟੇਬਲ ਉੱਤੇ ਰੱਖੇ ਗਏ, ਉਨ੍ਹਾਂ ਅਨੁਸਾਰ ਮਨਜ਼ੂਰਸ਼ੁਦਾ 14 ਲੱਖ ਤੋਂ ਵੱਧ ਸ਼ਕਤੀਸ਼ਾਲੀ ਭਾਰਤੀ ਹਥਿਆਰਬੰਦ ਫੌਜਾਂ ਵਿੱਚ 9797 ਅਫ਼ਸਰਾਂ ਤੇ 1.26 ਲੱਖ ਸਿਪਾਹੀਆਂ, ਏਅਰਮੈਨਾਂ ਤਐ ਸੇਲਰਜ਼ ਦੀ ਘਾਟ ਹੈ। ਜਨਤਕ ਕੀਤੇ ਵੇਰਵਿਆਂ ਅਨੁਸ-ਾਰ ਆਰਮੀ ਵਿੱਚ 7779 ਅਫ਼ਸਰਾਂ ਅਤੇ 1.08 ਲੱਖ ਜਵਾਨਾਂ ਦੀ ਘਾਟ ਹੈ। ਨੇਵੀ ਵਿੱਚ 1446 ਅਫ਼ਸਰ ਤੇ 1251 ਸੇਲਰਜ਼ ਅਤੇ ਏਅਰ ਫੋਰਸ ਵਿੱਚ 572 ਅਫਸਰ ਤੇ 5217 ਏਅਰਮੈਨਾਂ ਦੀ ਕਮੀ ਹੈ।

ਰੱਖਿਆ ਰਾਜ ਮੰਤਰੀ ਅਜੇ ਭੱਟ ਨੇ ਇੱਕ ਸੁਆਲ ਦੇ ਜੁਆਬ ਵਿੱਚ ਲਿਖਤੀ ਤੌਰ ਉੱਤੇ ਅਗਨੀਪੱਥ ਸਕੀਮ ਦਾ ਹਵਾਲਾ ਦਿੰਦਿਆਂ ਇਹ ਜ਼ਿਕਰ ਕੀਤਾ ਕਿ ਅਫਸਰ ਤੋਂ ਹੇਠਲੇ ਰੈਂਕਾਂ ਵਿੱਚ ਭਰਤੀ ਹੋਣ ਦੀ ਇੱਛਾ ਰੱਖਣ ਵਾਲੇ ਨੌਜਵਾਨਾਂ ਦੀ ਕੋਈ ਘਾਟ ਨਹੀਂ, ਪਰ ਅਫਸਰਾਂ ਦੀ ਸਥਿਤੀ ਚਿੰਤਾਜਨਕ ਹੈ। ਫਿਰ ਹੱਲ ਕੀ ਹੋਵੇ?

ਫੌਜ ਦੇ ਅਫਸਰਾਂ ਅਤੇ ਜਵਾਨਾਂ ਦੀ ਘਾਟ ਵਾਲਾ ਪਹਿਲਾ ਝਟਕਾ ਹਿੰਦੀ-ਚੀਨੀ ਭਾਈ-ਭਾਈ ਦਾ ਨਾਅਰਾ ਦੇਣ ਵਾਲਿਆਂ ਨੂੰ ਉਦੋਂ ਲੱਗਿਆ, ਜਦੋਂ ਸੰਨ 1962 ਵਿੱਚ ਚੀਨ ਨੇ ਲੱਦਾਖ ਤੋਂ ਨੇਫਾ (ਅੱਜਕੱਲ੍ਹ ਅਰੁਣਾਚਲ ਪ੍ਰਦੇਸ਼) ਦੇ ਸਰਹੱਦੀ ਇਲਾਕਿਆਂ ਵਿੱਚੋਂ ਪੀ ਐਲ ਏ ਨੇ ਭਾਰਤੀ ਫੌਜ ਨੂੰ ਕੇਵਲ ਖਦੇੜਿਆਂ ਹੀ ਨਹੀਂ, ਸਗੋਂ ਭਾਰਤ ਦੇ ਤਕਰੀਬਨ 38000 ਵਰਗ ਕਿਲੋਮੀਟਰ ਇਲਾਕੇ ਨੂੰ ਵੀ ਆਪਣੇ ਕਬਜ਼ੇ ਹੇਠ ਲੈ ਲਿਆ।ਫਿਰ ਸਰਕਾਰ ਦਾ ਧਿਆਨ ਫ਼ੌਜ ਵੱਲ ਆਕਰਸ਼ਿਤ ਹੋਇਆ ਤੇ ਅਫ਼ਸਰਾਂ ਦੀ ਘਾਟ ਪੂਰੀ ਕਰਨ ਖਾਤਰ ਸੰਨ 1963 ਤੋਂ ਐਮਰਜੈਂਸੀ ਕਮਿਸ਼ਨ (ਈ ਸੀ) ਚਾਲੂ ਕੀਤਾ, ਜਿਹੜਾ ਈ ਸੀ-12 ਕੋਰਸ ਤੱਕ ਲਾਗੂ ਰਿਹਾ। ਉਨ੍ਹਾਂ ਜੰਗਜੂਆ ਵਿੱਚ ਬੜੀ ਘੱਟ ਗਿਣਤੀ ਵਿੱਚ ਅਫਸਰਾਂ ਨੂੰ ਪੱਕਾ ਕਮਿਸ਼ਨ ਵਾਸਤੇ ਦੁਬਾਰਾ ਸਿਲੈਕਸ਼ਨ ਪ੍ਰਕਿਰਿਆ ਵਿੱਚੋਂ ਲੰਘਦਿਆਂ ਚੁਣਿਆ ਗਿਆ।ਫਾਰਗ ਕੀਤੇ ਗਏ ਅਫਸਰਾਂ ਵਿੱਚੋਂ ਕੁਝ ਟਾਵੇਂ-ਟਾਵੇਂ ਸਿਵਲ ਸਰਵਿਸਿਜ਼ ਪੁਲਸ ਤੇ ਬੀ ਐਸ ਐਫ ਵਗੈਰਾ ਲਈ ਚੁਣੇ ਗਏ ਤੇ ਬਾਕੀਆਂ ਦੀ ਖੱਜਲ-ਖੁਆਰੀ ਹੁੰਦੀ ਰਹੀ ਕਿਉਂਕਿ ਮੁੜ ਵਸੇਬੇ ਲਈ ਕੋਈ ਠੋਸ ਨੀਤੀ ਨਹੀਂ ਸੀ?

ਜਦੋਂ ਸੰਨ 1971 ਦੀ ਜੰਗ ਸਮੇਂ ਛਾਂਟੀ ਕੀਤੇ ਅਫ਼ਸਰਾਂ ਨੂੰ ਦੁਬਾਰਾ ਦੇਸ਼ ਦੀ ਸੇਵਾ ਵਾਸਤੇ ਬੁਲਾਇਆ ਤਾਂ ਉਨ੍ਹਾਂ ਯੋਗਦਾਨ ਪਾਇਆ, ਪਰ ਫਿਰ ਘਰ ਵਾਪਸੀ। ਇਸੇ ਤਰ੍ਹਾਂ ਸੰਨ 1965 ਵਿੱਚ ਸ਼ਾਰਟ ਸਰਵਿਸ ਕਮਿਸ਼ਨ (ਐਸ ਐਸ ਸੀ) ਹੋਂਦ ਵਿੱਚ ਆਇਆ ਜੋ ਪਹਿਲਾਂ 10 ਸਾਲਾਂ ਵਾਸਤੇ ਫਿਰ ਚਾਰ ਸਾਲਾਂ ਦਾ ਵਾਧਾ, ਪਰ 15 ਸਾਲ ਨਾ ਟੱਪਣ ਦਿੱਤੇ ਜਿਵੇਂ ਕਿ ਅੱਜ ਅਗਨੀਵੀਰਾਂ ਲਈ ਵੀ ਇਹ ਨੀਤੀ ਲਾਗੂ ਰਹੇਗੀ ਕਿਉਂਕਿ ਪੈਨਸ਼ਨ ਨਾ ਦੇਣੀ ਪਏ।

ਮੇਰੀ ਖੁਸ਼ਕਿਸਮਤੀ ਸੀ ਕਿ ਸੰਨ 1971 ਦੀ ਜੰਗ ਸਮੇਂ ਬਤੌਰ ਕੈਪਟਨ ਤੇ ਫਿਰ ਮੇਜਰ ਵਜੋਂ ਮੈਨੂੰ ਇਸ ਪਲਟਨ ਦੇ ਬਹਾਦਰ ਜਵਾਨਾਂ ਨਾਲ ਉੜੀ-ਬਾਰਾਮੂਲਾ-ਤੰਗਧਾਰ ਵਿੱਚ ਜੰਗ ਲੜਨ ਦਾ ਮੌਕਾ ਮਿਲਿਆ ਤੇ 1983 ਵਿੱਚ ਪੁੰਛ ਦੇ ਸਰਹੱਦੀ ਇਲਾਕੇ ਵਿੱਚ ਪਹਿਲਾਂ ਲੈਫਟੀਨੈਂਟ ਕਰਨਲ, ਫਿਰ ਕਰਨਲ ਵਜੋਂ ਕਮਾਂਡ ਦਾ ਸੁਭਾਗ ਪ੍ਰਾਪਤ ਹੋਇਆ।ਯੂਨਿਟ ਵਿੱਚ ਜਿੱਥੇ ਅਫ਼ਸਰਾਂ ਦੀ ਨਿਰਧਾਰਤ ਗਿਣਤੀ 25-26 ਚਾਹੀਦੀ ਸੀ ਉਥੇ ਤਕਰੀਬਨ 8-10 ਅਫ਼ਸਰਾਂ ਨਾਲ ਹੀ ਬੁੱਤਾ ਸਾਰਨਾ ਪਿਆ। ਇਹੋ ਹਾਲਤ ਇਨਫੈਂਟਰੀ ਪਲਟਨਾਂ ਦੀ ਸੀ ਤੇ ਅੱਜ ਵੀ ਹੈ।

ਜ਼ਿਕਰਯੋਗ ਹੈ ਕਿ ਹਰ ਇੱਕ ਯੂਨਿਟ ਵਿੱਚ ਇੱਕ ਡਾਕਟਰ ਬਤੌਰ ਰੈਜ਼ੀਮੈਂਟਲ ਮੈਡੀਕਲ ਅਫਸਰ (ਆਰ ਐਮ ਓ) ਆਥੋਰਾਈਜ਼ ਹੁੰਦਾ ਹੈ, ਪਰ ਘਾਟ ਕਾਰਨ ਕਿਸੇ ਵਿਰਲੀ ਪਲਟਨ ਨੂੰ ਹੀ ਨਸੀਬ ਹੁੰਦਾ ਹੈ। ਉਸ ਸਮੇਂ ਮੇਰੀ ਪਲਟਨ ਵਿੱਚ ਆਰਮੀ ਹੈਡਕੁਆਰਟਰ ਨੇ ਕੈਪਟਨ ਡਾ. (ਬਾਅਦ ਵਿੱਚ ਕਨਰਲ) ਨੂੰ ਪੋਸਟ ਕਰ ਦਿੱਤਾ। ਤੋਪਖਾਨੇ ਦੀ ਸਿਰਕੱਢ ਪਲਟਨ ਵਿੱਚ ਕੋਈ ਵਿਰਲਾ ਬੀਮਾਰ ਹੁੰਦਾ ਸੀ ਤੇ ਜੇ ਹੋ ਗਿਆ ਤਾਂ ਕੈਪਟਨ ਰਾਜਿੰਦਰਾ ਸਿੰਘ ਦਾਹੀਆ ਬਗੈਰ ਦਵਾਈ ਤੋਂ ਉਸ ਨੂੰ ਰਾਜ਼ੀ ਕਰ ਲੈਂਦਾ। ਇਹੋ ਟੈਕਨੀਕ ਉਸ ਨੇ ਈ ਸੀ ਐਚ ਐਸ ਵਿੱਚ ਅਪਣਾਈ ਜਿੱਥੇ ਕਿ ਦਵਾਈਆਂ ਦੀ ਹਮੇਸ਼ਾ ਘਾਟ ਹੀ ਰਹਿੰਦੀ ਹੈ।

ਫੌਜੀਆਂ ਦੀਆਂ ਤਨਖਾਹਾਂ, ਭੱਤੇ ਅਤੇ ਪੈਨਸ਼ਨ ਵਧਾਏ ਗਏ ਪਰ ਮੁੱਖ ਰੂਪ ਵਿੱਚ ਫੌਜ ਦਾ ਦਰਜਾ ਘਟਦਾ ਗਿਆ। ਨਾ ਅਜੇ ਤੱਕ ਫ਼ੌਜੀਆਂ ਤੇ ਉਨ੍ਹਾਂ ਦੇ ਪਰਵਾਰਾਂ ਵਾਸਤੇ ਕੋਈ ਕੌਮੀ ਨੀਤੀ ਹੈ ਅਤੇ ਨਾ ਹੀ ਮਿਲਟਰੀ ਕਮਿਸ਼ਨ। ਕਾਰਪੋਰੇਟ ਸੈਕਟਰ ਤਕਨੀਕੀ ਸਿੱਖਿਆ ਪ੍ਰਾਪਤ ਨੌਜਵਾਨਾਂ ਨੂੰ ਚੋਖਾ ਪੈਕੇਜ ਦੇ ਕੇ ਆਪਣੇ ਵੱਲ ਖਿੱਚ ਲੈਂਦਾ ਹੈ। ਵੈਸੇ ਵੀ ਅੱਜਕੱਲ੍ਹ ਹੋਣਹਾਰ ਯੋਗਤਾ ਭਰਪੂਰ ਗੱਭਰੂ ਫ਼ੌਜ ਵਿੱਚ ਵਧੇਰੇ ਖਤਰੇ ਮੁੱਲ ਲੈਣ ਦੀ ਥਾਂ ਏ ਸੀ ਦਫ਼ਤਰਾਂ ਵਿੱਚ ਕੰਮ ਕਰਨਾ ਪਸੰਦ ਕਰਦੇ ਹਨ। ਬੀਤ ਗਿਆ ਉਹ ਸਮਾਂ ਜਦੋਂ ਰਾਜੇ-ਮਹਾਰਾਜਿਆਂ ਦੀ ਔਲਾਦ ਫੌਜ ਵਿੱਚ ਜਾਣਾ ਪਸੰਦ ਕਰਦੀ ਸੀ। ਜੇ ਦੇਸ਼ਵਾਸੀਆਂ ਅੰਦਰ ਕੌਮੀ ਜਜ਼ਬਾ ਪੈਦਾ ਕਰਨਾ ਹੈ ਤਾਂ ਨੌਜਵਾਨ ਸਿਆਸਤਦਾਨਾਂ ਨੂੰ ਟਿਕਟਾਂ ਵੰਡਣ ਤੋਂ ਪਹਿਲਾਂ ਤੇ ਅਫਸਰਾਂ ਨੂੰ ਅਗਨੀਵੀਰਾਂ ਦੀ ਤਰ੍ਹਾਂ ਘੱਟੋ-ਘੱਟ ਦੋ ਸਾਲਾਂ ਵਾਸਤੇ ਫ਼ੌਜ ਵਿੱਚ ਜ਼ਰੂਰ ਭੇਜਿਆ ਜਾਵੇ। ਫਿਰ ਜਾ ਕੇ ਕਿਸੇ ਹੱਦ ਤੱਕ ਫ਼ੌਜ ਵਿੱਚ ਅਫਸਰਾਂ ਦੀ ਘਾਟ ਪੂਰੀ ਹੋਣ ਦੀ ਉਮੀਦ ਹੋ ਸਕਦੀ ਹੈ।

ਰੱਖਿਆ ਮਾਮਲਿਆਂ ਨਾਲ ਸੰਬੰਧਤ ਪਾਰਲੀਮੈਂਟ ਦੀ ਸਥਾਈ ਕਮੇਟੀ ਨੂੰ ਸਾਡੀ ਅਪੀਲ ਹੈ ਕਿ ਉਹ ਐਲ ਓ ਸੀ, ਐਲ ਏ ਸੀ ਅਤੇ ਛਾਉਣੀਆਂ ਅੰਦਰ ਪਹੁੰਚ ਕੇ ਅਫਸਰਾਂ ਦੀ ਘਾਟ ਦੇ ਮਾਮਲੇ ਨੂੰ ਸੰਜੀਦਗੀ ਤੇ ਪਹਿਲ ਦੇ ਆਧਾਰ ਉੱਤੇ ਵਿਚਾਰਨਅਤੇ ਅਫਸਰਾਂ ਦੀ ਘਾਟ ਨੂੰ ਪੂਰਾ ਕਰਨ ਨੂੰ ਵੇਰਵਿਆਂ ਸਹਿਤ ਸਿਫਾਰਿਸ਼ਾਂ ਪਾਰਲੀਮੈਂਟ ਵਿੱਚ ਪੇਸ਼ ਕਰੇ। ਲੋੜ ਇਸ ਗੱਲ ਦੀ ਵੀ ਹੈ ਕਿ ਫ਼ੌਜ ਦਾ ਸਿਆਸੀਕਰਨ ਕਰਨਾ ਬੰਦ ਹੋਵੇ। ਇਸੇ ਵਿੱਚ ਦੇਸ਼ ਤੇ ਫ਼ੌਜ ਦੀ ਭਲਾਈ ਹੋਵੇਗੀ।

## ਵਾਸਤਾ ਜੇ ਰੱਬ ਦਾ ਨਾ ਭੇਜਿਉ ਅਜ਼ਾਦੀ ਦੀਆਂ ਵਧਾਈਆਂ

*ਸਾਡੇ ਲੋਕਾਂ ਵਾਸਤੇ ਆਈ ਕਿਹੜੀ ਅਜ਼ਾਦੀ ਸੀ*
*ਘਰ ਬਾਹਰ ਉੱਜੜ ਗਏ ਹੋ ਗਈ ਬਰਬਾਦੀ ਸੀ*
*ਮਾਵਾਂ ਦੇ ਪੁੱਤਰ ਮਰ ਗਏ ਭੈਣਾਂ ਦੇ ਭਰਾ ਮਰ ਗਏ*
*ਛੱਡ ਤੁਰੇ ਜਿਹੜੀ ਮੰਜੇ ਤੇ ਬਿਮਾਰ ਪਈ ਦਾਦੀ ਸੀ*
*ਪੈ ਗਿਆ ਏ ਰੌਲਾ ਕਹਿੰਦੇ ਹੋ ਗਈ ਏ ਵੰਡ ਬਈ*
*ਚੰਗੇ ਭਲੇ ਦੇਸ਼ ਦੀ ਅੰਗਰੇਜ਼ਾਂ ਲਾਹ ਦਿੱਤੀ ਡੰਡ ਬਈ*
*ਸਦੀਆਂ ਤੋਂ ਜਿਹਨਾਂ ਨਾਲ ਬਣਿਆ ਸੀ ਭਾਈਚਾਰਾ*
*ਉਹਨਾਂ ਹੀ ਭਾਈਆਂ ਨੂੰ ਪੈ ਗਈ ਚੁੱਕਣੀ ਦੁਖਾਂ ਦੀ ਪੰਡ ਬਈ*
*ਬਹੁਤਿਆਂ ਨੇ ਸੋਚਿਆ ਸੀ ਕਿ ਛੇਤੀ ਘਰ ਮੁੜ ਆਵਾਂਗੇ*
*ਘਰ ਵਾਪਿਸ ਆ ਕੇ ਪਹਿਲਾਂ ਵਾਲੀ ਸਾਂਝ ਫਿਰ ਪਾਵਾਂਗੇ*
*ਸਾਡੇ ਨੂਹ ਮਾਸ ਦੇ ਰਿਸ਼ਤਿਆਂ ਨੂੰ ਤੋੜ ਕੌਣ ਸਕਦਾ*
*ਅਸੀਂ ਇੱਕ ਦੂਜੇ ਤੋਂ ਵੱਖ ਹੋਕੇ ਦਸ ਭਲਾ ਕਿਥੇ ਜਾਵਾਂਗੇ*
*ਬਣਾ ਕੇ ਕਾਫਲੇ ਜਗਾ ਕੇ ਮਸਾਲਾਂ ਤੁਰ ਪਏ ਰਾਤੋਂ ਰਾਤ ਨੂੰ*
*ਢਿੱਡੋ ਭੁੱਖੇ ਭਾਣੇ ਉਤੋਂ ਭਿੱਜ ਗਏ ਸਾਰੇ ਨਾ ਰੋਕ ਸਕੇ ਬਰਸਾਤ ਨੂੰ*
*ਦੁੱਧ ਚੁੰਗਦੇ ਬੱਚਿਆਂ ਹਾਲ ਹੋਇਆ ਬਹੁਤ ਮਾੜਾ*
*ਕੋਝੀ ਸਿਆਸਤ ਦੀ ਸਮਝ ਨਾ ਸਕੇ ਕੋਈ ਕਰਾਮਾਤ ਨੂੰ*
*ਜਾਤ ਪਾਤ ਮਜ਼ਬਾਂ ਦੇ ਅਧਾਰ ਉਤੇ ਵੰਡ ਗਏ ਦੇਸ਼ ਨੂੰ*
*ਪਜੰਤਰ ਸਾਲ ਹੋ ਗਏ ਅਜੇ ਨਾ ਮੁਕਾ ਸਕੇ ਕਲੇਸ਼ ਨੂੰ*
*ਲਾਹਨਤ ਹੈ ਇਹੋ ਜਿਹੀ ਅਜ਼ਾਦੀ ਸਾਨੂੰ ਕਹਿਣ ਦੇ*
*ਜਿਹੜੀ ਅੱਜ ਵੀ ਤੋਰੀ ਜਾਵੇ ਸਾਡੇ ਬੱਚੇ ਪਰਦੇਸ਼ ਨੂੰ*
*ਵਾਸਤਾ ਜੇ ਰੱਬ ਦਾ ਨਾ ਭੇਜਿਉ ਅਜ਼ਾਦੀ ਦੀਆਂ ਵਧਾਈਆਂ*
*ਸਾਡੀ ਹੋਈ ਬਰਬਾਦੀ ਦੀਆਂ ਯਾਦਾਂ ਫਿਰ ਨੇ ਮੁੜ ਆਈਆਂ*
*ਲੁੱਟ ਮਾਰ ,ਵੱਢ ਟੁੱਕ ਹੋਏ ਖ਼ੂਨ ਖਰਾਬੇ ਦੀਆਂ ਕਹਾਣੀਆਂ*
*ਜਸਵਿੰਦਰਾ ਸੁਣੀਆਂ ਨਹੀਂ ਜਾਂਦੀਆਂ ਨਹੀਂਉ ਜਾਂਦੀਆਂ ਸੁਣਾਈਆਂ*
*ਵਾਸਤਾ ਜੇ ਰੱਬ ਦਾ ਨਾ ਭੇਜਿਉ ਅਜ਼ਾਦੀ ਦੀਆਂ ਵਧਾਈਆਂ।*

*-ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ*
*ਮਮਦੋਟ ਫਿਰੋਜ਼ਪੁਰ*
*7589155501*




## ਅਕਾਲੀ ਦਲਾਂ ਦੇ ਰਲੇਵੇਂ ਸਬੰਧੀ ਜਥੇਦਾਰ ਅਕਾਲ ਤਖਤ ਕਾਹਲੀ ਨਹੀਂ ਕਰਨਾ ਚਾਹੁੰਦੇ



ਅੰਮ੍ਰਿਤਸਰ, 10 ਅਗਸਤ (ਪੋਸਟ ਬਿਊਰੋ)- ਲਗਭਗ ਇੱਕ ਸੌ ਸਾਲ ਪਹਿਲਾਂ ਬਣਾਏ ਅਕਾਲੀ ਦਲ ਦੀ ਹੋਂਦ ਬਚਾਉਣ ਲਈ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਭਾਵੇਂ ਰੋਜ਼ ਕਿਹਾ ਜਾ ਰਿਹਾ ਹੈ, ਪਰ ਇਸ ਬਾਰੇ ਸਾਰੇ ਅਕਾਲੀ ਧੜਿਆਂ ਦੇ ਰਲੇਵੇਂ ਲਈ ਉਹ ਕੋਈ ਕਾਹਲੀ ਕਰਨ ਦੇ ਰੌਂਅ ਵਿੱਚ ਨਹੀਂ ਹਨ।

ਵਰਨਣ ਯੋਗ ਹੈ ਕਿ ਅਕਾਲੀ ਦਲ ਤੋਂ ਟੁੱਟ ਕੇ ਬਣੇ ਵੱਖ-ਵੱਖ ਅਕਾਲੀ ਦਲਾਂ ਵਿੱਚ ਇਸ ਵੇਲੇ ਚਰਚਾ ਚੱਲਦੀ ਹੈ ਕਿ ਜੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਹੁਦੇ ਤੋਂ ਅਸਤੀਫਾ ਦੇ ਦੇਣ ਤਾਂ ਬਾਕੀ ਅਕਾਲੀ ਦਲ ਵੀ ਸ੍ਰੀ ਅਕਾਲ ਤਖਤ ਦੀ ਸਰਪ੍ਰਸਤੀ ਹੇਠ ਇੱਕੋ ਮੰਚ ਉੱਤੇਆ ਸਕਦੇ ਹਨ। ਇਸ ਬਾਰੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੇ ਵੀ ਕੁਝ ਸਮਾਂ ਪਹਿਲਾਂ ਸਾਰੇ ਅਕਾਲੀ ਦਲਾਂ ਨੂੰ ਇਕੱਠੇ ਹੋਣ ਦੀ ਅਪੀਲ ਕੀਤੀ ਸੀ। ਉਨ੍ਹਾਂ ਦੀ ਅਪੀਲ ਨੂੰ ਆਧਾਰ ਬਣਾ ਕੇ ਕਈ ਅਕਾਲੀ ਦਲਾਂ ਨੇ ਇਸ ਬਾਰੇ ਆਪੋ ਵਿੱਚ ਵਿਚਾਰ ਚਰਚਾ ਵੀ ਕੀਤੀ ਅਤੇ ਮੀਟਿੰਗਾਂ ਵੀ ਹੋਈਆਂ ਹਨ। ਇਸ ਦੌਰਾਨ ਬਾਦਲ ਅਕਾਲੀ ਦਲ ਵਿੱਚ ਬਾਗੀ ਸੁਰਾਂ ਉੱਠਣ ਲੱਗੀਆਂ ਹਨ। ਅਕਾਲੀ ਦਲ ਦੇ ਕੁਝ ਸੀਨੀਅਰ ਆਗੂ ਚਾਹੁੰਦੇ ਹਨ ਕਿ ਇੱਕ ਮਜ਼ਬੂਤ ਅਕਾਲੀ ਦਲ ਹੋਵੇ, ਪਰ ਇਸ ਵਿੱਚ ਬਾਦਲ ਪਰਵਾਰ ਦੀ 'ਮੈ ਨਾ ਮਾਨੂੰ' ਦੀ ਭਾਵਨਾ ਅੜਿੱਕਾ ਹੈ।

ਪਤਾ ਲੱਗਾ ਹੈ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਕਾਲੀ ਦਲਾਂ ਦੇ ਰਲੇਵੇਂ ਬਾਰੇ ਕੋਈ ਵੀ ਕਾਹਲਕਰਨ ਦੇ ਰੌਂਅ ਵਿੱਚ ਨਹੀਂ ਹਨ। ਉਨ੍ਹਾਂ ਨੇ ਕਿਹਾ ਹੈ ਕਿ ਜੇ ਸਮੂਹ ਅਕਾਲੀ ਦਲ ਆਪਸੀ ਰਲੇਵਾਂ ਚਾਹੁੰਦੇ ਹਨ ਤਾਂ ਉਹ ਇਸ ਸਬੰਧੀ ਪਹਿਲਾਂ ਸ੍ਰੀ ਅਕਾਲ ਤਖਤ ਉੱਤੇ ਲਿਖਤੀ ਰੂਪ ਵਿੱਚ ਦਰਖਾਸਤ ਦੇਣ।

## ਅਕਾਲੀ ਦਲ ਦੀ ਉਥਲ-ਪੁਥਲ ਦੌਰਾਨ ਜਗੀਰ ਕੌਰ ਦੇ ਸ਼੍ਰੋਮਣੀ ਕਮੇਟੀ ਦੀ ਸਾਂਝੀ ਉਮੀਦਵਾਰ ਬਣਨ ਦੇ ਚਰਚੇ



ਚੰਡੀਗੜ੍ਹ, 10 ਅਗਸਤ (ਪੋਸਟ ਬਿਊਰੋ)- ਅਕਾਲੀ ਦਲ ਅੰਦਰ ਚੱਲਦੀ ਉਥਲ-ਪੁਥਲ ਅਤੇ ਵਿਧਾਨ ਸਭਾ ਚੋਣਾਂ ਵਿੱਚ ਵੱਡੀ ਹਾਰ ਪਿੱਛੋਂ ਪਾਰਟੀ ਵਿੱਚ ਤਬਦੀਲੀਆਂ ਤੇ ਸੁਧਾਰ ਲਈ ਉਠਦੀਆਂ ਆਵਾਜ਼ਾਂ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਅਹੁਦੇਦਾਰਾਂ ਦੀ ਨਵੰਬਰ ਵਿੱਚ ਹੁੰਦੀ ਚੋਣ ਵੀ ਪਾਰਟੀ ਲਈ ਚੁਣੌਤੀ ਬਣ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਪਰਚੀ ਹਮੇਸ਼ਾ ਬਾਦਲ ਪਰਵਾਰ ਦੀ ਜੇਬ ਵਿੱਚੋਂ ਨਿਕਲਦੀ ਰਹੀ ਹੈ, ਉਸ ਰਿਵਾਇਤ ਦੇ ਇਸ ਵਾਰ ਟੁੱਟਣ ਤੋਂ ਇਲਾਵਾ ਵੋਟਾਂ ਦੀ ਵੱਖ-ਵੱਖ ਧੜਿਆਂ ਵਿੱਚ ਵੰਡੇ ਨਾਲ ਅਕਾਲੀ ਦਲ ਦੀ ਸਥਿਤੀ ਕਮਜ਼ੋਰ ਜਾਪਦੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹਿ ਚੁੱਕੀ ਬੀਬੀ ਜਗੀਰ ਕੌਰ ਨੂੰ ਇਸ ਬਦਲੀ ਹੋਈ ਸਥਿਤੀ ਵਿੱਚ ਸਾਂਝਾ ਉਮੀਦਵਾਰ ਬਣਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਉਹ ਬੀਤੇ ਐਤਵਾਰ ਨੂੰ ਅੰਮ੍ਰਿਤਸਰ ਵਿਖੇ ਰਵੀਕਰਨ ਸਿੰਘ ਕਾਹਲੋਂ ਦੇ ਘਰ ਹੋਈ ਤਬਾਦਲੇ ਦੇ ਹਾਮੀ ਦਰਜਨ ਕੁ ਆਗੂਆਂ ਦੀ ਮੀਟਿੰਗ ਵਿੱਚ ਵੀ ਸ਼ਾਮਲ ਹੋਏ ਤੇ ਫਿਰ ਕੱਲ੍ਹ ਦੁਪਹਿਰੇ ਚੰਡੀਗੜ੍ਹ ਵਿਖੇ ਸੁਖਬੀਰ ਸਿੰਘ ਬਾਦਲ ਨਾਲ ਵੀ ਉਨ੍ਹਾਂ ਦੇ ਘਰ ਮੁਲਾਕਾਤ ਕੀਤੀ ਹੈ।ਅਕਾਲੀ ਦਲਦੇ ਸੂਤਰਾਂ ਅਨੁਸਾਰ ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਕੋਈ 25-30 ਮੈਂਬਰ ਟਕਸਾਲੀ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨਾਲ ਅਤੇ ਏਨੇ ਹੀ ਮੈਂਬਰ ਇਯਾਲੀ-ਝੂੰਦਾਂ-ਵਡਾਲਾ-ਜਗਮੀਤ ਧੜੇ ਨਾਲ ਸੁਣੀਂਦੇ ਹਨ ਅਤੇ 10-15 ਹੋਰ ਮੈਂਬਰਾਂ ਉੱਤੇ ਦਮਦਮੀ ਟਕਸਾਲ ਮੁੱਖੀ ਹਰਨਾਮ ਸਿੰਘ ਖ਼ਾਲਸਾ ਦਾ ਅਸਰ ਹੈ ਅਤੇ ਐਮ ਪੀ ਸਿਮਰਨਜੀਤ ਸਿੰਘ ਮਾਨ ਦਾ ਵੀ ਸ਼੍ਰੋਮਣੀ ਕਮੇਟੀ ਵਿੱਚ ਸਮਰਥਕਾਂ ਦਾ ਇੱਕ ਧੜਾ ਹੈ। ਬੀਬੀ ਜਗੀਰ ਕੌਰ ਨੇ ਅੰਮ੍ਰਿਤਸਰ ਦੀ ਮੀਟਿੰਗ ਵਿੱਚ ਸਪੱਸ਼ਟ ਕੀਤਾ ਕਿ ਉਹ ਇਸ ਵਾਰ ਚੋਣ ਜ਼ਰੂਰ ਲੜਨਗੇ। ਉਸ ਮੀਟਿੰਗ ਮੌਕੇ ਉਨ੍ਹਾਂ ਨੇ ਬਾਕੀ ਲੀਡਰਾਂ ਦੀ ਹਾਜ਼ਰੀ ਵਿੱਚ ਸੁਖਬੀਰ ਸਿੰਘਬਾਦਲ ਨਾਲ ਫੋਨ ਉੱਤੇਗੱਲ ਕਰਕੇ ਕਿਹਾ ਕਿ ਉਹ ਪਾਰਟੀ ਵਿੱਚ ਤਬਦੀਲੀਆਂ ਦੇ ਹਾਮੀ ਆਗੂਆਂ ਨੂੰ ਮੁਲਾਕਾਤ ਲਈ ਸਮਾਂ ਦੇਣ ਅਤੇ ਸੁਖਬੀਰ ਸਿੰਘ ਬਾਦਲ ਦੀ ਪ੍ਰੇਮ ਸਿੰਘ ਚੰਦੂਮਾਜਰਾ ਨਾਲ ਵੀ ਗੱਲ ਕਰਵਾਈ। ਓਦੋਂ ਸੁਖਬੀਰ ਸਿੰਘ ਬਾਦਲ ਨੇ ਇਹ ਕਹਿ ਕੇ ਗੱਲ ਟਾਲ ਦਿੱਤੀ ਕਿ ਉਹ 10 ਦਿਨਾਂ ਲਈ ਵਿਦੇਸ਼ ਜਾ ਰਹੇ ਹਨ। ਅਕਾਲੀ ਦਲ ਦੇ ਅੰਦਰ ਇਸ ਵਕਤ ਇਸ ਸਬੰਧੀ ਕਾਨੂੰਨੀ ਨੁਕਤੇ ਵੀ ਵਿਚਾਰੇ ਜਾ ਰਹੇ ਹਨ ਕਿ ਕੀ ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ ਨਵੰਬਰ ਤੋਂ ਪਹਿਲਾਂ ਬੁਲਾ ਕੇ ਪ੍ਰਧਾਨ ਅਤੇ ਆਹੁਦੇਦਾਰਾਂ ਦੀ ਚੋਣ ਕਰਵਾਈ ਜਾ ਸਕਦੀ ਹੈ।

## ਖੇਡ ਮੇਲੇ ਦੇ ਜੇਤੂਆਂ ਨੂੰ ਛੇ ਕਰੋੜ ਰੁਪਏ ਮਿਲਣਗੇ: ਮੀਤ ਹੇਅਰ

### * ਪੰਜਾਬ ਦਾ ਖੇਡ ਮੇਲਾ 29 ਅਗਸਤ ਨੂੰ ਸ਼ੁਰੂ ਹੋਵੇਗਾ



ਚੰਡੀਗੜ੍ਹ, 10 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕੱਲ੍ਹ ਇੱਥੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਖੇਡ ਮੇਲੇ ਦੀ ਸ਼ੁਰੂਆਤ ਜਲੰਧਰ ਤੋਂ 29 ਅਗਸਤ ਨੂੰ ਕੀਤੀ ਜਾਵੇਗੀ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇਸ ਦਾ ਉਦਘਾਟਨ ਕਰਨਗੇ। ਉਨ੍ਹਾਂ ਦੱਸਿਆ ਕਿ ਕਰੀਬ ਦੋ ਮਹੀਨੇ ਚੱਲਣ ਵਾਲੇ ਇਸ ਖੇਡ ਮੇਲੇ ਦੇ ਜੇਤੂਆਂ ਨੂੰ ਪੰਜਾਬ ਸਰਕਾਰ ਵੱਲੋਂ ਕਰੀਬ ਛੇ ਕਰੋੜ ਦੀ ਇਨਾਮੀ ਰਾਸ਼ੀ ਵੰਡੀ ਜਾਵੇਗੀ ਤੇ ਇਹ ਖੇਡ ਮੇਲਾ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੇ ਜਨਮ ਦਿਨ ਮੌਕੇ ਸ਼ੁਰੂ ਹੋਵੇਗਾ।

ਇਸ ਬਾਰੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਕਾਮਨਵੈੱਲਥ ਖੇਡਾਂ ਵਿੱਚ ਪੰਜਾਬ ਦੇ ਤਗਮਾ ਜੇਤੂ 18 ਖਿਡਾਰੀਆਂ ਲਈ ਮੁੱਖ ਮੰਤਰੀ ਨੇਨਗਦ ਇਨਾਮਾਂ ਦਾ ਐਲਾਨ ਕੀਤਾ ਹੈ। ਇਨ੍ਹਾਂ 18 ਖਿਡਾਰੀਆਂ ਨੇ ਤਿੰਨ ਚਾਂਦੀ ਅਤੇ ਚਾਰ ਕਾਂਸੀ ਦੇ ਤਮਗੇ ਜਿੱਤੇ। ਚਾਂਦੀ ਤਗਮਾ ਜੇਤੂ ਨੂੰ ਪੰਜਾਹ ਲੱਖ ਰੁਪਏ ਤੇ ਕਾਂਸੀ ਦਾ ਤਮਗਾ ਜੇਤੂ ਨੂੰ ਚਾਲੀ ਲੱਖ ਰੁਪਏ ਮਿਲਣਗੇ। ਬਰਮਿੰਘਮ ਕਾਮਨਵੈੱਲਥਖੇਡਾਂ ਵਿੱਚ ਚਾਂਦੀ ਦਾ ਤਮਗਾ ਜਿੱਤਣ ਵਾਲੀ ਪੁਰਸ਼ ਹਾਕੀ ਟੀਮ ਵਿੱਚ ਪੰਜਾਬ ਦੇ 11 ਖਿਡਾਰੀ ਸਨ। ਚਾਂਦੀ ਤਗਮਾ ਜਿੱਤਣ ਵਾਲੀ ਮਹਿਲਾ ਕ੍ਰਿਕਟ ਟੀਮ ਵਿੱਚ ਕਪਤਾਨ ਹਰਮਨਪ੍ਰੀਤ ਕੌਰ ਤੇ ਤਾਨੀਆ ਭਾਟੀਆ ਪੰਜਾਬ ਤੋਂ ਸਨ ਅਤੇ ਚਾਂਦੀ ਤਮਗਾ ਜਿੱਤਣ ਵਾਲੀ ਮਹਿਲਾ ਹਾਕੀ ਟੀਮ ਵਿੱਚ ਗੁਰਜੀਤ ਕੌਰ ਸ਼ਾਮਲ ਸੀ। ਏਸੇ ਤਰ੍ਹਾਂ ਵੇਟਲਿਫਟਿੰਗ ਵਿੱਚ ਪੰਜਾਬ ਦੇ ਵਿਕਾਸ ਠਾਕੁਰ ਨੇ ਚਾਂਦੀ ਤੇ ਹਰਜਿੰਦਰ ਕੌਰ, ਲਵਪ੍ਰੀਤ ਸਿੰਘ ਤੇ ਗੁਰਦੀਪ ਸਿੰਘ ਨੇ ਕਾਂਸੀ ਤਮਗੇ ਜਿੱਤੇ। ਖੇਡ ਮੰਤਰੀਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ ਖੇਡ ਮੇਲੇ ਵਿੱਚ ਹਿੱਸਾ ਲੈਣ ਵਾਲੇ ਖਿਡਾਰੀ 25 ਅਗਸਤ ਤਕ ਰਜਿਸਟਰੇਸ਼ਨ ਕਰਵਾ ਸਕਦੇ ਹਨ।

## ਲਾਲ ਕਿਲ੍ਹੇ ਉੱਤੇ ਝੰਡਾ ਲਹਿਰਾਉਣ ਦੇ ਮੁੱਦੇ ਨਾਲ ਟਰਾਂਸਪੋਰਟ ਮੰਤਰੀ ਭੁੱਲਰ ਫਸੇ



ਜਲੰਧਰ, 10 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਬੀਤੇ ਸਮੇਂ ਵਿੱਚ ਤੇਜ਼ ਰਫ਼ਤਾਰ ਗੱਡੀ ਉੱਤੇ ਸਟੰਟ ਕਰਨ ਦਾ ਮਾਮਲਾ ਅਜੇ ਠੰਡਾ ਨਹੀਂ ਹੋਇਆ ਕਿ ਉਹ ਇੱਕ ਹੋਰ ਨਵੇਂ ਮਾਮਲੇ ਵਿੱਚ ਘਿਰਦੇ ਜਾਂਦੇ ਹਨ। ਇਸ ਵਾਰ ਉਹ ਪਿਛਲੇ ਸਾਲ 26 ਜਨਵਰੀ ਨੂੰ ਲਾਲ ਕਿਲ੍ਹੇ ਉੱਤੇ ਝੰਡਾ ਲਹਿਰਾਉਣ ਸਮੇਂ ਦੀਪ ਸਿੱਧੂ ਵੱਲੋਂ ਬਣਾਈ ਵੀਡੀਓ ਵਿੱਚ ਨਜ਼ਰ ਆਉਣ ਕਾਰਨ ਚਰਚਾ ਵਿੱਚ ਹਨ।

ਲਾਲ ਕਿਲ੍ਹੇ ਉੱਤੇ ਝੰਡਾ ਲਹਿਰਾਉਣ ਸਮੇਂ ਦੀਪ ਸਿੱਧੂ ਨਾਲ ਲਾਲਜੀਤ ਸਿੰਘ ਭੁੱਲਰ ਦੀ ਵੀਡੀਓ ਸ਼ੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੀ ਹੈ। ਓਦੋਂ ਉਹ ਮੰਤਰੀ ਨਹੀਂ ਸਨ, ਪਰ ਦਿੱਲੀ ਪੁਲਸ ਨੇ ਇਸ ਕੇਸ ਵਿੱਚ ਦੀਪ ਸਿੱਧੂ ਸਣੇ ਕਈ ਲੋਕਾਂ ਉੱਤੇ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਆਮ ਆਦਮੀ ਪਾਰਟੀ ਦੇ ਕਈ ਸੀਨੀਅਰ ਆਗੂ ਦੀਪ ਸਿੱਧੂ ਵੱਲੋਂ ਲਾਲ ਕਿਲ੍ਹੇ ਉੱਤੇ ਝੰਡਾ ਲਹਿਰਾਉਣ ਦਾ ਵਿਰੋਧ ਕਰਦੇ ਰਹੇ ਹਨ ਤੇ ਇਹ ਨਵੀਂ ਵੀਡੀਓ ਆਉਣ ਤੋਂ ਬਾਅਦ ਜਿੱਥੇ ਕੈਬਨਿਟ ਮੰਤਰੀ ਭੁੱਲਰ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ, ਉਥੇ ਸਰਕਾਰ ਨੂੰ ਵੀ ਇਸ ਬਾਰੇ ਜਵਾਬ ਦੇਣਾ ਪੈ ਸਕਦਾ ਹੈ। ਇਸ ਬਾਰੇ ਵਿਰੋਧੀ ਪਾਰਟੀਆਂ ਨੇ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਸਵਾਲ ਕੀਤੇ ਹਨ।

## ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਹੀਰੋ ਸਟੀਲਜ਼ ਨੂੰ 10 ਲੱਖ ਰੁਪਏ ਜੁਰਮਾਨਾ ਠੋਕਿਆ



ਲੁਧਿਆਣਾ, 10 ਅਗਸਤ (ਪੋਸਟ ਬਿਊਰੋ)- ਸਨਅਤੀ ਸ਼ਹਿਰ ਲੁਧਿਆਣਾ ਦੀ ਫੈਕਟਰੀ ਹੀਰੋ ਸਟੀਲਜ਼ ਵੱਲੋਂ ਫੈਕਟਰੀ ਦਾ ਪ੍ਰਦੂਸ਼ਿਤ ਪਾਣੀ ਸਿੱਧਾ ਸੀਵਰੇਜ ਵਿੱਚ ਪਾਉਣ ਕਾਰਨ ਕੱਲ੍ਹ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ ਪੀ ਸੀ ਬੀ) ਨੇ ਸਖ਼ਤ ਕਾਰਵਾਈ ਕੀਤੀ ਅਤੇ ਇਸ ਕੰਪਨੀ ਨੂੰ ਮੋਟਾ ਜੁਰਮਾਨਾ ਪਾਇਆ ਹੈ।

ਪੀ ਪੀ ਸੀ ਬੀ ਦੇ ਚੀਫ ਵਾਤਾਵਰਨ ਇੰਜੀਨੀਅਰ ਗੁਲਸ਼ਨ ਰਾਏ ਨੇ ਦੱਸਿਆ ਕਿ ਬੋਰਡ ਪਾਣੀ ਨੂੰ ਪ੍ਰਦੂਸ਼ਿਤ ਕਰਨ ਵਾਲੀਆਂ ਫੈਕਟਰੀਆਂ ਦੀ ਅਚਨਚੇਤ ਚੈਕਿੰਗ ਵੇਲੇ ਬੋਰਡ ਵੱਲੋਂ ਦੇਖਿਆ ਜਾਂਦਾ ਹੈ ਕਿ ਸਨਅਤਾਂ ਗੰਦੇ ਪਾਣੀ ਦਾ ਸੁਚਾਰੂ ਢੰਗ ਨਾਲ ਟਰੀਟਮੈਂਟ ਕਰਦੀਆਂ ਹਨ ਜਾਂ ਨਹੀਂ।ਉਨ੍ਹਾਂ ਕਿਹਾ ਕਿ ਹੀਰੋ ਸਟੀਲਜ਼ ਗਿਆਸਪੁਰਾ ਦੀਪੀ ਪੀ ਸੀ ਬੀ ਟੀਮ ਵੱਲੋਂ ਰਾਤ ਦੀ ਚੈਕਿੰਗ ਤੋਂ ਪਤਾ ਲੱਗਾ ਕਿ ਫਰਮ ਇੱਕ ਪਾਈਪਲਾਈਨ ਤੋਂ ਅਣਸੋਧਿਆ ਤੇਜ਼ਾਬੀ ਗੰਦਾ ਪਾਣੀ ਸੀਵਰੇਜ਼ ਸਿਸਟਮ ਵਿੱਚ ਛੱਡਿਆ ਜਾ ਰਿਹਾ ਹੈ। ਮੌਕੇ ਉੱਤੇ ਨਮੂਨੇ ਇਕੱਠੇ ਕੀਤੇ ਅਤੇ ਪੀ ਪੀ ਸੀ ਬੀ ਦੇ ਉਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਗਿਆ ਤਾਂ ਬੋਰਡ ਨੇ ਇਹ ਯੂਨਿਟ ਬੰਦ ਕਰਨ ਦੇ ਹੁਕਮ ਦਿੱਤੇ ਹਨ। ਯੂਨਿਟ ਨੂੰ ਮਿਲਦੀ ਬਿਜਲੀ ਸਪਲਾਈ ਵੀ ਕੱਟ ਦਿੱਤੀ ਗਈ ਅਤੇ ਫੈਕਟਰੀ ਨੂੰ 10 ਲੱਖ ਰੁਪਏ ਵਾਤਾਵਰਨ ਮੁਆਵਜ਼ੇ ਵਜੋਂ ਅਤੇ ਪੰਜਾਹ ਲੱਖ ਰੁਪਏ ਦੀ ਬੈਂਕ ਗਾਰੰਟੀ ਜਮ੍ਹਾਂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਤਾਂ ਜੋ ਭਵਿੱਖ ਵਿੱਚ ਇਹ ਹਰਕਤਨਾਹੋ ਸਕੇ। ਫੈਕਟਰੀ ਨੂੰ ਨੇੜਲੇ ਇਲਾਕੇ ਵਿੱਚ ਵਾਤਾਵਰਨ ਸੁਧਾਰ ਲਈ 10 ਲੱਖ ਰੁਪਏ ਖਰਚ ਕਰਨ ਨੂੰ ਕਿਹਾ ਗਿਆ ਹੈ।

## ਵਿਧਾਇਕ ਗੁਰਪ੍ਰੀਤ ਗੋਗੀ ਕੋਲੋਂ 25 ਲੱਖ ਰੁਪਏ ਦੀ ਫਿਰੌਤੀ ਮੰਗੀ



ਲੁਧਿਆਣਾ, 10 ਅਗਸਤ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਲੁਧਿਆਣਾ ਤੋਂ ਵਿਧਾਇਕ ਗੁਰਪ੍ਰੀਤ ਗੋਗੀ ਨੂੰ ਗੈਂਗਸਟਰ ਗੋਲਡੀ ਬਰਾੜ ਦੇ ਨਾਂਅ ਦੇ ਧਮਕੀ ਦੇ ਫੋਨ ਆਏ ਅਤੇ 25 ਲੱਖ ਰੁਪਏ ਦੀ ਫਿਰੌਤੀ ਮੰਗੀ ਗਈ ਹੈ।ਇਸ ਤੋਂ ਬਾਅਦ ਵਿਧਾਇਕ ਨੇ ਇਸ ਦੀ ਸ਼ਿਕਾਇਤ ਪੁਲਸ ਕਮਿਸ਼ਨਰ ਕੌਸਤਬ ਸ਼ਰਮਾ ਨੂੰ ਦਿੱਤੀ ਹੈ।

ਵਿਧਾਇਕ ਗੋਗੀ ਨੇ ਦੱਸਿਆ ਕਿ ਪਿਛਲੇ 12 ਦਿਨਾਂ ਤੋਂ ਲਗਾਤਾਰ ਉਨ੍ਹਾਂ ਨੂੰ ਵਾਟਸਐਪ ਉੱਤੇ ਧਮਕੀਆਂ ਦੇ ਫੋਨ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਫੋਨ ਵਿਦੇਸ਼ੀ ਨੰਬਰਾਂ ਤੋਂ ਆ ਰਹੇ ਹਨ ਅਤੇ ਫੋਨ ਕਰਨ ਵਾਲਾ ਆਪਣੇ ਆਪ ਨੂੰ ਗੈਂਗਸਟਰ ਗੋਲਡੀ ਬਰਾੜ ਦੱਸਦਾ ਹੈ ਤੇ ਕਦੇ ਗੋਲਡੀ ਬਰਾੜ ਦਾ ਬੰਦਾ ਦੱਸਦਾ ਹੈ। ਉਨ੍ਹਾਂ ਦੱਸਿਆ ਕਿ ਫੋਨ ਕਰਨ ਵਾਲਾ 24 ਲੱਖ ਰੁਪਏ ਫਿਰੌਤੀ ਮੰਗ ਰਿਹਾ ਹੈ। ਉਹ ਆਖ ਰਿਹਾ ਹੈ ਕਿ 25 ਲੱਖ ਰੁਪਏ ਦਾ ਇੰਤਜ਼ਾਮ ਕਰ ਕੇ ਰੱਖੋ, ਨਹੀਂ ਤਾਂ ਤੁਹਾਡਾ ਹਾਲ ਵੀ ਸਿੱਧੂ ਮੂਸੇਵਾਲਾ ਵਾਂਗ ਕੀਤਾ ਜਾਵੇਗਾ। ਵਿਧਾਇਕ ਗੋਗੀ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਦੀ ਸ਼ਿਕਾਇਤ ਪੁਲਸ ਕਮਿਸ਼ਨਰ ਲੁਧਿਆਣਾ ਨੂੰ ਕਰ ਦਿੱਤੀ ਹੈ। ਵਿਧਾਇਕ ਨੇ ਕਿਹਾ ਕਿ ਉਹ ਇਸ ਤਰ੍ਹਾਂ ਗੈਂਗਸਟਰਾਂ ਦੀਆਂ ਧਮਕੀਆਂ ਤੋਂ ਡਰਨ ਵਾਲੇ ਨਹੀਂ। ਉਨ੍ਹਾਂ ਕਿਹਾ ਕਿ ਉਹ ਸੂਬੇ ਵਿੱਚ ਗੈਂਗਸਟਰਾਂ ਤੇ ਨਸ਼ੇ ਨੂੰ ਖਤਮ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਦਾ ਪੂਰਾ ਸਹਿਯੋਗ ਕਰਨਗੇ। ਪੁਲਸ ਕਮਿਸ਼ਨਰ ਕੌਸਤਬ ਸ਼ਰਮਾ ਨੇ ਕਿਹਾ ਕਿ ਉਹ ਜਾਂਚ ਕਰਵਾ ਰਹੇ ਹਨ।

## ਨਿੱਜੀ ਅਤੇ ਮਿੰਨੀ ਬੱਸ ਆਪ੍ਰੇਟਰਾਂ ਵੱਲੋਂ ਪੰਜਾਬ ਭਰ ਵਿੱਚ ਚੱਕਾ ਜਾਮ




ਲੁਧਿਆਣਾ, 10 ਅਗਸਤ (ਪੋਸਟ ਬਿਊਰੋ)- ਆਪਣੀਆਂ ਮੰਗਾਂ ਮਨਵਾਉਣ ਦੇ ਲਈ ਪੰਜਾਬ ਭਰ ਦੇ 2500 ਨਿੱਜੀ ਬੱਸ ਆਪ੍ਰੇਟਰਾਂ ਤੇ 4000 ਮਿੰਨੀ ਬੱਸ ਆਪ੍ਰੇਟਰਾਂ ਵੱਲੋਂ ਕੱਲ੍ਹ ਪੰਜਾਬ ਭਰ ਵਿੱਚ ਚੱਕਾ ਜਾਮ ਕੀਤਾ ਗਿਆ, ਜਿਸ ਕਰਕੇ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਖੱਜਲ ਹੋਣਾ ਪਿਆ। ਬੱਸ ਆਪ੍ਰੇਟਰਾਂ ਨੇ ਪੰਜਾਬ ਸਰਕਾਰ ਦੀ ਔਰਤਾਂ ਨੂੰ ਮੁਫ਼ਤ ਬੱਸ ਸੇਵਾ ਦੀ ਯੋਜਨਾ ਨਾਲ ਹੋਏ ਨੁਕਸਾਨ ਦੀ ਭਰਪਾਈ ਕਰਨ ਦੀ ਮੰਗ ਕੀਤੀ ਹੈ।

ਇਨ੍ਹਾਂ ਟਰਾਂਸਪੋਰਟਰਾਂ ਨੇ ਮੰਗ ਕੀਤੀ ਕਿ ਔਰਤਾਂ ਨੂੰ ਮੁਫ਼ਤ ਸਫ਼ਰ ਦੀ ਸਹੂਲਤ ਵਿੱਚ ਤਬਦੀਲੀ ਕੀਤੀ ਜਾਵੇ ਅਤੇ ਉਨ੍ਹਾ ਨੂੰ ਸਰਕਾਰੀ ਅਤੇ ਨਿੱਜੀ ਆਪ੍ਰੇਟਰਾਂ ਦੀਆਂ ਬੱਸਾਂ ਵਿੱਚ ਦੋ ਦਿਨ ਸਫ਼ਰ ਕਰਨ ਦੀ ਸਹੂਲਤ ਦਿੱਤੀ ਜਾਵੇ, ਜਿਹੜੀਆਂ ਔਰਤਾਂ ਨਿੱਜੀ ਬੱਸਾਂ ਵਿੱਚ ਸਫ਼ਰ ਕਰਦੀਆਂ ਹਨ, ਉਸ ਦੇ ਬਣਦੇ ਪੈਸੇ ਨਿੱਜੀ ਬੱਸ ਆਪ੍ਰੇਟਰਾਂ ਨੂੰ ਦਿੱਤੇ ਜਾਣ। ਆਪ੍ਰੇਟਰਾਂ ਨੇ ਕਿਹਾ ਕਿ ਕੋਰੋਨਾ ਕਾਲ ਸਮੇਂ ਬੱਸ ਆਪ੍ਰੇਟਰ ਟੈਕਸ ਡਿਫਾਲਟਰ ਹੋ ਗਏ ਸਨ ਅਤੇ ਪੰਜਾਬ ਸਰਕਾਰ ਨੇ 31 ਦਸੰਬਰ ਤਕ ਦਾ ਟੈਕਸ ਮੁਆਫ਼ ਕਰ ਦਿੱਤਾ ਸੀ। ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਵਿੱਚ ਜਿਸ ਤਰ੍ਹਾਂ 19 ਮਹੀਨੇ ਦਾ ਟੈਕਸ ਮੁਆਫ਼ ਕੀਤਾ ਗਿਆ, ਉਸੇ ਤਰੀਕੇ ਨਾਲ ਪੰਜਾਬ ਵਿੱਚ ਵੀ ਕੀਤਾ ਜਾਵੇ। ਉਨ੍ਹਾ ਕਿਹਾ ਕਿ ਮੋਟਰ ਵਹੀਕਲ ਟੈਕਸ ਘਟਾ ਕੇ ਇੱਕ ਰੁਪਏ ਕਿਲੋਮੀਟਰ ਅਤੇ ਦਿਨਾਂ ਦੀ ਛੋਟ ਚਾਰ ਦਿਨਾਂ ਤੋਂ ਵਧਾ ਕੇ 10 ਕਰਨ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪਹਿਲੀ ਸਟੇਜ ਦਾ ਕਿਰਾਇਆ 10 ਰੁਪਏ ਤੋਂ ਵਧਾ ਕੇ 20 ਰੁਪਏ ਕਰਨਾ ਚਾਹੀਦਾ ਹੈ। ਜੇ ਸਰਕਾਰ ਕਿਰਾਇਆ ਵਧਾ ਕੇ ਲੋਕਾਂ ਉੱਤੇ ਬੋਝ ਨਹੀਂ ਪਾਉਣਾ ਚਾਹੁੰਦੀ ਤਾਂ ਬੱਸਾਂ ਦੇ ਕਾਰੋਬਾਰ ਨੂੰ ਟੈਕਸ ਅਤੇ ਅੱਡਾ ਫ਼ੀਸ ਮੁਆਫ਼ ਕਰਕੇ ਡੁੱਬਣ ਤੋਂ ਬਚਾਅ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਰੋਡਵੇਜ਼ ਅਤੇ ਪੀ ਆਰ ਟੀ ਸੀ ਵੱਲੋਂ ਬੱਸ ਅੱਡਾ ਫ਼ੀਸ ਨੂੰ ਅਮਾਦਨ ਵਾਲਾ ਸਾਧਨ ਬਣਾ ਲਿਆ ਗਿਆ ਹੈ, ਪਰ ਸਾਡੀ ਮੰਗ ਹੈ ਕਿ ਗੁਆਂਢੀ ਸੂਬੇ ਹਰਿਆਣਾ ਵਾਂਗ ਪੰਜਾਬ ਅੰਦਰ ਉਕਾ-ਪੁੱਕਾ ਪ੍ਰਤੀ ਬੱਸ ਦੋ ਹਜ਼ਾਰ ਰੁਪਏ ਅੱਡਾ ਫ਼ੀਸ ਲੈਣੀ ਚਾਹੀਦੀ ਹੈ।

## ਆਪ ਪਾਰਟੀ ਦੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਨੇ ਪਤਨੀ ਨੂੰ ਗੋਲੀ ਮਾਰ ਕੇ ਜ਼ਖਮੀ ਕੀਤਾ

ਤਰਨ ਤਾਰਨ, 10 ਅਗਸਤ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਮੁਨੀਸ਼ ਕੁਮਾਰ ਉਰਫ ਮੋਨੂੰ ਚੀਮਾ ਨੇ ਆਪਣੇ ਘਰ ਬੇਗਾਨੀ ਔਰਤ ਲਿਆਉਣ ਦਾ ਵਿਰੋਧ ਕਰਨ ਉੱਤੇ ਆਪਣੀ ਪਤਨੀ ਵਿਸ਼ਾਲੀ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ। ਵਿਸ਼ਾਲੀ ਅੰਮ੍ਰਿਤਸਰ ਦੇ ਹਸਪਤਾਲ ਵਿੱਚ ਦਾਖਲ ਹੈ।

ਮੋਨੂੰ ਚੀਮਾ ਕਾਂਗਰਸ ਪਾਰਟੀ ਵੱਲੋਂ ਗੱਗੋਬੂਆ ਤੋਂ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਚੁਣਿਆ ਗਿਆ ਸੀ, ਪਰ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਿਆ ਸੀ। ਉਸ ਦੀ ਪਤਨੀ ਵਿਸ਼ਾਲੀ ਉਨ੍ਹਾਂ ਦੇ ਜੱਦੀ ਪਿੰਡ ਚੀਮਾ ਕਲਾਂ ਦੀ ਸਰਪੰਚ ਹੈ। ਮੋਨੂੰ ਚੀਮਾ ਦਾ ਵੱਡਾ ਭਰਾ ਸੋਨੂੰ ਚੀਮਾ ਅੱਡਾ ਝਬਾਲ ਦਾ ਸਰਪੰਚ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਮੋਨੂੰ ਚੀਮਾ ਕੁਝ ਦਿਨ ਪਹਿਲਾਂ ਇਲਾਕੇ ਦੀ ਇੱਕ ਲੜਕੀ ਅਗਵਾ ਕਰ ਕੇ ਲੈ ਗਿਆ ਸੀ, ਜਿਸ ਦਾ ਉਸ ਦੀ ਪਤਨੀ ਵਿਰੋਧ ਕਰਦੀ ਸੀ। ਮੋਨੂੰ ਉਸ ਲੜਕੀ ਨੂੰ ਕੱਲ੍ਹ ਦੁਪਹਿਰੇ ਆਪਣੇ ਘਰ ਲੈ ਆਇਆ। ਵਿਸ਼ਾਲੀ ਨੇ ਇਸ ਦਾ ਗੁੱਸਾ ਕੀਤਾ ਤੇ ਤਕਰਾਰ ਦੌਰਾਨ ਮੋਨੂੰ ਨੇ ਉਸ ਦੀ ਲੱਤ ਉੱਤੇ ਗੋਲੀ ਮਾਰ ਦਿੱਤੀ।ਪੇਕੇ ਪਰਵਾਰ ਅਨੁਸਾਰ ਮੋਨੂੰ ਆਪਣੀ ਪਤਨੀ ਨੂੰ ਕਈ ਦਿਨਾਂ ਤੋਂ ਧਮਕੀਆਂ ਦੇ ਰਿਹਾ ਸੀ ਜਿਸ ਕਾਰਨ ਉਸ ਦੇ ਪੇਕਿਆਂ ਨੇ ਪੁਲਸ ਨੂੰ ਸ਼ਿਕਾਇਤ ਕਰ ਕੇ ਸੁਰੱਖਿਆ ਦੀ ਮੰਗ ਕੀਤੀ ਸੀ, ਪਰ ਪੁਲਸ ਨੇ ਇਸ ਗੱਲ ਨੂੰ ਗੰਭੀਰਤਾ ਨਾਲ ਨਹੀਂ ਲਿਆ। ਝਬਾਲ ਪੁਲਸ ਨੇ ਮੋਨੂੰ ਚੀਮਾ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਪੁਲਸ ਨੇ ਮੋਨੂੰ ਚੀਮਾ ਅਤੇ ਲੜਕੀ ਖਿਲਾਫ ਕੇਸ ਦਰਜ ਕਰ ਲਿਆ ਹੈ।

# ਸੈਂਟਰਲ ਵਿਸਟਾ ਦਾ ਐਗਜ਼ੀਕਿਊਟਿਵ ਇਨਕਲੇਵ ਕੰਮ ਨਿਯਮਾਂ ਵਿੱਚ ਫਸਿਆ



ਨਵੀਂ ਦਿੱਲੀ, 10 ਅਗਸਤ (ਪੋਸਟ ਬਿਊਰੋ)- ਭਾਰਤ ਸਰਕਾਰ ਦੀ ਬਹੁ ਚਰਚਿਤ ਸੈਂਟਰਲ ਵਿਸਟ ਯੋਜਨਾ ਹੇਠ ਬਣਾਏ ਜਾ ਰਹੇ ਐਗਜ਼ੀਕਿਊਟਿਵ ਇਨਕਲੇਵ ਦੇ ਕੰਮ ਦੀ ਯੋਜਨਾ ਵਾਤਾਵਰਣ ਨਿਯਮਾਂ ਵਿੱਚ ਫਸ ਗਈ ਹੈ।

ਕੇਂਦਰੀ ਲੋਕ ਨਿਰਮਾਣ ਵਿਭਾਗ (ਸੀ ਪੀ ਡਬਲਯੂ ਡੀ) ਵੱਲੋਂ ਕਰੀਬ ਅੱਠ ਮਹੀਨੇ ਪਹਿਲਾਂ ਇਸ ਸਬੰਧ ਵਿੱਚ ਭੇਜੇ ਗਏ ਪ੍ਰਸਤਾਵ ਨੂੰ ਦਿੱਲੀ ਰਾਜ ਵਾਤਾਵਰਣ ਪ੍ਰਮੁੱਖ ਮੁੱਲਾਂਕਣ ਅਥਾਰਟੀ (ਐਸ ਈ ਆਈ ਏ ਏ) ਨੇ ਮਨਜ਼ੂਰੀ ਨਹੀਂ ਦਿੱਤੀ। ਇਸ ਦੀ ਸਮੀਖਿਆ ਲਈ ਦਿੱਲੀ ਰਾਜ ਮਾਹਰ ਮੁੱਲਾਂਕਣ ਕਮੇਟੀ (ਐਸ ਈ ਏ ਸੀ) ਨੇ ਉਪ ਕਮੇਟੀ ਬਣਾਈ ਹੈ, ਜੋ ਸਾਈਟ ਦਾ ਦੌਰਾ ਕਰ ਕੇ ਯਕੀਨੀ ਕਰੇਗੀ ਕਿ ਦਿੱਲੀ ਦੀ ਵਾਤਾਵਰਣ ਨੀਤੀ ਦਾ ਪਾਲਣ ਹੋ ਰਿਹਾ ਹੈ ਜਾਂ ਨਹੀਂ। ਜ਼ਿਕਰ ਯੋਗ ਹੈ ਕਿ ਸੈਂਟਰਲ ਵਿਸਟਾ ਯੋਜਨਾ ਹੇਠ ਐਗਜ਼ੀਕਿਊਟਿਵ ਇਨਕਲੇਵ ਵਿੱਚ ਪ੍ਰਧਾਨ ਮੰਤਰੀ ਦਫਤਰ ਅਤੇ ਕੈਬਨਿਟ ਸੈਕਟਰੀਏਟ ਬਣਾਇਆ ਜਾਣਾ ਹੈ। ਇੱਥੇ ਆਉਣ ਵਾਲੇ ਦਰੱਖਤਾਂ ਦੇ ਇੰਪਲਾਂਟ ਬਾਰੇ ਸੀ ਪੀ ਡਬਲਯੂ ਨੇ ਪਿਛਲੇ ਸਾਲ ਪ੍ਰਸਤਾਵ ਭੇਜਿਆ ਸੀ। ਐਸ ਈ ਆਈ ਏ ਏ ਨੂੰ ਭੇਜਣ ਤੋਂ ਪਹਿਲਾਂ ਪ੍ਰਸਤਾਵ ਦੀ ਜਾਂਚ ਐਸ ਈ ਏ ਸੀ ਵੱਲੋਂ ਕੀਤੀ ਗਈ ਹੈ। ਇਸ ਬਾਰੇ ਪਿਛਲੇ ਸ਼ਨੀਵਾਰ ਐਸ ਈ ਏ ਸੀ ਦੀ ਬੈਠਕ ਹੋਈ ਸੀ। ਬੈਠਕ ਦੇ ਦਸਤਾਵੇਜ਼ਾਂ ਮੁਤਾਬਕ ਰੁੱਖਾਂ ਨੂੰ ਬਣਾਈ ਰੱਖਣ ਲਈ ਯੋਜਨਾ ਬਣਾਉਣ ਦਾ ਫੈਸਲਾ ਲਿਆ ਗਿਆ ਹੈ। ਇਹ ਯੋਜਨਾ 1381 ਕਰੋੜ ਦੀ ਹੈ।

# ਡੋਨਾਲਡ ਟਰੰਪ ਦੀ ਰਿਹਾਇਸ਼ ਉੱਤੇ ਐਫ ਬੀ ਆਈ ਵੱਲੋਂ ਛਾਪਾ




ਵਾਸ਼ਿੰਗਟਨ, 10 ਅਗਸਤ (ਪੋਸਟ ਬਿਊਰੋ)- ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫ ਬੀ ਆਈ) ਨੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਮਾਰ-ਏ-ਲਾਗੋ ਵਾਲੇਘਰ ਛਾਪਾ ਮਾਰਿਆ ਹੈ। ਇਹ ਜਾਣਕਾਰੀ ਦਿੰਦਿਆਂ ਡੋਨਾਲਡ ਟਰੰਪ ਨੇ ਕਿਹਾਕਿ ਐਫ ਬੀ ਆਈ ਦੇ ਏਜੰਟਾਂ ਨੇ ਉਨ੍ਹਾਂ ਦੀ ਤਿਜੋਰੀ ਤੱਲ ਵੀ ਤੋੜ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਹਮਲੇ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਹੀ ਹੁੰਦੇ ਹਨ।

ਸਾਬਕਾ ਅਮਰੀਕੀ ਰਾਸ਼ਟਰਪਤੀ ਨੇ ਇੱਕ ਬਿਆਨ ਜਾਰੀ ਕਰ ਕੇ ਕਿਹਾ ਕਿ ਫਲੋਰੀਡਾ ਵਿੱਚ ਉਨ੍ਹਾਂ ਦੇ ਘਰ ਵਿੱਚ ਤਲਾਸ਼ੀ ਲਈ ਗਈ। ਇਹ ਸਾਡੇ ਦੇਸ਼ ਲਈ ਬੁਰਾ ਸਮਾਂ ਹੈ, ਕਿਉਂਕਿ ਫਲੋਰੀਡਾ ਦੇ ਪਾਮ ਬੀਚ ਵਿੱਚ ਮੇਰੇ ਖ਼ੂਬਸੂਰਤ ਘਰ ਮਾਰ-ਏ-ਲਾਗੋ ਦੀ ਐਫ ਬੀ ਆਈ ਦੇ ਏਜੰਟਾਂ ਦਐ ਵੱਡੇ ਗਰੁੱਪ ਨੇ ਘੇਰਾਬੰਦੀ ਕੀਤੀ, ਛਾਪੇ ਮਾਰੇ ਤੇ ਇਸ ਉੱਤੇ ਕਬਜ਼ਾ ਕਰ ਲਿਆ। ਇਸ ਤੋਂ ਪਹਿਲਾਂ ਅਮਰੀਕਾ ਦੇ ਕਿਸੇ ਵੀ ਸਾਬਕਾ ਰਾਸ਼ਟਰਪਤੀ ਨਾਲ ਅਜਿਹਾ ਨਹੀਂ ਹੋਇਆ।ਉਨ੍ਹਾਂ ਕਿਹਾ ਕਿ ਸਬੰਧਤ ਸਰਕਾਰੀ ਏਜੰਸੀਆਂ ਦੇ ਪੂਰੇ ਸਹਿਯੋਗ ਦੇ ਬਾਵਜੂਦ ਬਿਨ੍ਹਾਂ ਦੱਸੇ ਮੇਰੇ ਘਰ ਛਾਪਾ ਮਾਰਨਾ ਠੀਕ ਨਹੀਂ। ਗੁੱਸੇ ਵਿੱਚ ਆਏ ਟਰੰਪ ਨੇ ਕਿਹਾ ਕਿ ਇਹ ਸਰਕਾਰੀ ਪੱਖ ਦੀ ਦੁਰਵਰਤੋਂ ਅਤੇ ਨਿਆਂ ਪ੍ਰਣਾਲੀ ਦਾ ਹਥਿਆਰੀਕਰਨ ਹੈ। ਇਹ ਕੱਟੜਪੰਥੀ ਡੈਮੋਕਰੇਟਸ ਦਾ ਹਮਲਾ ਹੈ, ਜੋ ਮੈਨੂੰ 2024 ਦੀਆਂ ਚੋਣਾਂ ਲੜਨ ਤੋਂ ਰੋਕਣਾ ਚਾਹੁੰਦੇ ਹਨ। ਪਿੱਛੇ ਜਿਹੇਦੀਆਂ ਚੋਣਾਂ ਦੇ ਮੱਦੇਨਜ਼ਰ ਉਹ ਇਸ ਵਿੱਚ ਖਾਸ ਰੁਕਾਵਟਾਂ ਪਾ ਰਹੇ ਹਨ। ਉਹ ਅਗਲੀਆਂ ਮੱਧਕਾਲੀ ਚੋਣਾਂ ਵਿੱਚ ਰਿਪਬਲਿਕਨ ਅਤੇ ਕੰਜ਼ਰਵੇਟਿਵਾਂ ਨੂੰ ਰੋਕਣ ਲਈ ਕੁਝ ਵੀ ਕਰਨਗੇ।

ਅਸਲ ਵਿੱਚ ਅਮਰੀਕੀ ਨਿਆਂ ਮੰਤਰਾਲਾ ਇਹ ਜਾਂਚ ਕਰ ਰਿਹਾ ਹੈ ਕਿ ਕੀ ਟਰੰਪ ਨੇ 2020 ਵਿੱਚ ਵ੍ਹਾਈਟ ਹਾਊਸ ਛੱਡਣ ਤੋਂ ਬਾਅਦ ਆਪਣੇ ਫਲੋਰੀਡਾ ਸਥਿਤ ਰਿਹਾਇਸ਼ ਉੱਤੇ ਗੁਪਤ ਰਿਕਾਰਡ ਲੁਕਾਏ ਹਨ ਜਾਂ ਨਹੀਂ।

# ਗ੍ਰੰਥੀ ਨਾਲ ਧੋਖਾਦੇਹੀ ਕਰਨ ਵਾਲਾ ਵਿਅਕਤੀ ਗ੍ਰਿਫ਼ਤਾਰ

* ਅਮਰੀਕਾ ਵਿੱਚ ਕੀਰਤਨ ਕਰਾਉਣ ਬਹਾਨੇ ਇੱਕ ਲੱਖ ਤੋਂ ਵੱਧ ਠੱਗੇ



ਨਵੀਂ ਦਿੱਲੀ, 10 ਅਗਸਤ (ਪੋਸਟ ਬਿਊਰੋ)- ਇੱਕ ਗ੍ਰੰਥੀ ਨੂੰ ਅਮਰੀਕਾ ਵਿੱਚ ਕੀਰਤਨ ਦਾ ਮੌਕਾ ਦੁਆਉਣ ਦੇ ਬਹਾਨੇ ਇੱਕ ਲੱਖ ਰੁਪਏ ਤੋਂ ਵੱਧ ਦੀ ਠੱਗੀ ਮਾਰਨ ਦਾ ਦੋਸ਼ੀ 51 ਸਾਲ ਦਾ ਵਿਅਕਤੀ ਗ੍ਰਿਫ਼ਤਾਰ ਕੀਤਾ ਗਿਆ ਹੈ।

ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਕੱਲ੍ਹ ਦੱਸਿਆ ਕਿ ਦੋਸ਼ੀ ਦੀ ਪਛਾਣ ਮੱਧ ਪ੍ਰਦੇਸ਼ ਦੇ ਇੰਦੌਰ ਦੇ ਵਸਨੀਕ ਸੰਜੇ ਯਾਦਵ ਵਜੋਂ ਹੋਈ ਹੈ। ਉਹ ਪਹਿਲਾਂ ਵੀ ਦਿੱਲੀ ਤੇ ਮੁੰਬਈ ਵਿੱਚ ਧੋਖਾਦੇਹੀ ਦੇ ਦੋ ਕੇਸਾਂ ਵਿੱਚ ਲੋੜੀਂਦਾ ਸੀ।ਦਿੱਲੀ ਦੇ ਇੱਕ ਗੁਰਦੁਆਰੇ ਦੇ ਹੈਡ ਗ੍ਰੰਥੀ ਬਲਦੇਵ ਸਿੰਘ ਤੋਂ ਪੁਲਸ ਨੂੰ ਸ਼ਿਕਾਇਤ ਮਿਲੀ ਸੀ। ਉਨ੍ਹਾਂ ਦੋਸ਼ ਲਾਇਆ ਕਿ ਇੱਕ ਵਿਅਕਤੀ ਨੇ ਉਨ੍ਹਾਂ ਨਾਲ ਵ੍ਹਟਸਐਪ ਉੱਤੇ ਸੰਪਰਕ ਕੀਤਾ ਅਤੇ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਵਿਆਹਾਂ ਅਤੇ ਸਮਾਗਮਾਂ ਵਿੱਚ ਕੀਰਤਨ ਕਰਨ ਲਈ ਮੌਕਾ ਦੇਣ ਦੀ ਗੱਲ ਕਹੀ। ਉਨ੍ਹਾਂ ਦੋਸ਼ੀ ਵੱਲੋਂ ਦਿੱਤੇ ਬੈਂਕ ਖਾਤੇ ਵਿੱਚ 1.25 ਲੱਖ ਰੁਪਏ ਭੇਜ ਦਿੱਤੇ।ਪੁਲਸ ਨੇ ਦੱਸਿਆ ਕਿ ਸ਼ਿਕਾਇਤਕਰਤਾ ਨਾਲ ਵੀਜ਼ਾ ਫੀਸ ਅਤੇ ਕਰੰਸੀ ਐਕਸਚੇਂਜ ਦੇ ਨਾਂ ਉੱਤੇ ਵੀ ਠੱਗੀ ਮਾਰੀ ਗਈ। ਕਾਲ ਡਿਟੇਲ ਅਤੇ ਪੈਸਿਆਂ ਦੇ ਲੈਣ-ਦੇਣ ਦੇ ਤਕਨੀਕੀ ਵਿਸ਼ਲੇਸ਼ਣ ਤੋਂ ਪਤਾ ਲੱਗਾ ਕਿ ਦੋਸ਼ੀ ਇੰਦੌਰ ਵਿੱਚ ਵੱਖ-ਵੱਖ ਥਾਵਾਂ ਤੋਂ ਕੰਮ ਕਰਦਾ ਸੀ। ਪੁਲਸ ਦੇ ਡਿਪਟੀ ਕਮਿਸ਼ਨਰ (ਉਤਰੀ) ਸਾਗਰ ਸਿੰਘ ਕਲਸੀ ਨੇ ਕਿਹਾ ਕਿ ਇੰਦੌਰ ਵਿੱਚ ਛਾਪੇਮਾਰੀ ਕੀਤੀ ਅਤੇ ਯਾਦਵ ਨੂੰ ਕੱਲ੍ਹ ਗ੍ਰਿਫ਼ਤਾਰ ਕਰ ਲਿਆ ਹੈ। ਯਾਦਵ ਨੇ ਪੀੜਤ ਨਾਲ ਸੰਪਰਕ ਕਰਨ ਅਤੇ ਰਕਮ ਟ੍ਰਾਂਸਫਰ ਕਰਨ ਲਈ ਆਪਣੇ ਪੁੱਤਰ ਦੇ ਸਿਮ ਕਾਰਡ ਅਤੇ ਬੈਂਕ ਖਾਤਿਆਂ ਦੀ ਵਰਤੋਂ ਕੀਤੀ। ਉਸ ਕੋਲੋਂ 10 ਮੋਬਾਈਲ ਫ਼ੋਨ, 11 ਡੈਬਿਟ ਕਾਰਡ ਅਤੇ ਇੱਕ ਆਧਾਰ ਕਾਰਡ ਬਰਾਮਦ ਹੋਇਆ ਹੈ।

## ਭਾਰਤੀ ਕੰਪਨੀ ਨੇ 110 ਸਾਲ ਪੁਰਾਣੀ ਅਮਰੀਕੀ ਫਰਮ ਸ਼ੀਫਰ ਖਰੀਦ ਲਈ

ਨਵੀਂ ਦਿੱਲੀ, 10 ਅਗਸਤ (ਪੋਸਟ ਬਿਊਰੋ)- ਬੇਂਗਲੁਰੂ ਦੀ ਕੰਪਨੀ 'ਵਿਲੀਅਮ ਪੈਂਨ' ਲਗਜ਼ਰੀ ਪੈਨ ਬਿਜ਼ਨੈਸ ਦਾ ਇੱਕ ਜਾਣਿਆ-ਪਛਾਣਿਆ ਨਾਂ ਹੈ। ਨਿਖਿਲ ਰੰਜਕ ਦੀ ਇਸ ਭਾਰਤੀ ਕੰਪਨੀ ਨੇ 110 ਸਾਲ ਪੁਰਾਣੀ ਆਈਕਾਨਿਕ ਅਮਰੀਕੀ ਫਰਮ ਸ਼ੀਫਰ ਨੂੰ ਖਰੀਦ ਲਿਆ ਹੈ। ਇਸ ਸੌਦੇ ਦੀ ਰਕਮ ਦਾ ਖੁਲਾਸਾ ਨਹੀਂ ਹੋਇਆ।

ਸ਼ੀਫਰ ਲਗਜ਼ਰੀ ਪੈਨ ਬਣਾਉਣ ਵਿੱਚਕੰਮ ਆਉਂਦੀਆਂ ਚੀਜ਼ਾਂ ਦੀ ਮੈਨੂਫੈਕਚਰਿੰਗ ਕਰਦੀ ਹੈ। ਇਸ ਸੌਦੇ ਨਾਲ ਭਾਰਤੀ ਕੰਪਨੀ ਇੱਕ ਖਾਸ ਤਰ੍ਹਾਂ ਦੇ ਕੁਣਬੇ ਵਿੱਚਆ ਗਈ,ਜੋ ਉਨ੍ਹਾਂ ਭਾਰਤੀ ਕੰਪਨੀਆਂ ਦਾ ਹੈ ਜਿਨ੍ਹਾਂ ਨੇ ਵੱਡੇ ਵਿਦੇਸ਼ੀ ਬ੍ਰਾਂਡ ਖਰੀਦਿਆ ਹੈ।ਸ਼ੀਫਰ ਦਾ ਕਾਰੋਬਾਰ ਅਮਰੀਕਾ, ਬ੍ਰਿਟੇਨ, ਮੈਕਸੀਕੋ, ਮਲੇਸ਼ੀਆ, ਥਾਈਲੈਂਡ, ਦੱਖਣੀ ਅਫਰੀਕਾ, ਜਾਪਾਨ ਤੇ ਭਾਰਤ ਸਣੇ ਦੁਨੀਆ ਦੇ 75 ਦੇਸ਼ਾਂ ਵਿੱਚ ਹੈ। ਵਿਲੀਅਮ ਪੈਨ ਸ਼ੀਫਰ ਦੇ ਸਾਰੇ ਮੈਨੂਫੈਕਚਰਿੰਗ, ਮਾਰਕੀਟਿੰਗ ਅਤੇ ਰਿਟੇਲਿੰਗ ਕਾਰੋਬਾਰ ਦੀ ਪ੍ਰਾਪਤੀ ਕਰੇਗੀ। ਭਾਰਤੀ ਕੰਪਨੀ ਨੇ ਰਾਈਟਿੰਗ ਇੰਸਟਰੂਮੈਂਟ ਦੇ ਡਿਸਟ੍ਰੀਬਿਊਟਰ ਅਤੇ ਰਿਟੇਲਰ ਦੇ ਤੌਰ ਉੱਤੇ ਕਾਰੋਬਾਰ ਸ਼ੁਰੂ ਕੀਤਾ ਸੀ। ਏ ਟੀ ਕ੍ਰਾਸ ਕੰਪਨੀ ਤੋਂ ਸ਼ੀਫਰ ਨੂੰ ਖਰੀਦਣ ਦਾ ਸੌਦਾ ਵਿਲੀਅਮ ਪੈਨ ਨੂੰ ਇੱਕ ਵੱਖਰੇ ਮੁਕਾਮ ਉੱਤੇ ਪਹੁੰਚਾ ਦੇਵੇਗਾ। ਇਸ ਸੌਦੇ ਵਿੱਚ ਸ਼ੀਫਰ ਬ੍ਰਾਂਡ ਦੇ ਸਾਰੇ ਪ੍ਰੋਡਕਟਾਂ ਦਾ ਪੂਰਾ ਪੋਰਟਫੋਲੀਓ ਸ਼ਾਮਲ ਹੈ। ਇਨ੍ਹਾਂ ਵਿੱਚ ਪ੍ਰੀਮੀਅਮ ਪੈਨ, ਜਨਰਲ, ਗਿਫਟ ਸੈਟ ਅਤੇ ਲਾਈਸੈਂਸ ਵੀ ਹਨ।ਵਿਲੀਅਮ ਪੈਨ ਦੇ ਸੰਸਥਾਪਕ ਅਤੇ ਐਮ ਡੀ ਨਿਖਿਲ ਰੰਜਨ ਨੇ ਕਿਹਾ ਕਿ ਸ਼ੀਫਰ ਦਾ ਸੌਦਾ ਕਈ ਤਰ੍ਹਾਂ ਅਹਿਮ ਹੈ। ਇਸ ਨਾਲ ਕੰਪਨੀ ਨੂੰ ਪੇਸ਼ਕਸ਼ ਨੂੰ ਵਧਾਉਣ ਦਾ ਮੌਕਾ ਮਿਲੇਗਾ। ਭਾਰਤੀ ਗਾਹਕਾਂ ਸਮੇਤ ਵਿਦੇਸ਼ੀ ਗਾਹਕਾਂ ਲਈ ਕੰਪਨੀ ਪ੍ਰੋਡਕਟਾਂ ਦੀ ਵਿਆਪਕ ਰੇਂਜ ਪੇਸ਼ਕਰ ਸਕੇਗੀ। ਪ੍ਰੀਮੀਅਮ ਪੈਨ ਦੇ ਕਾਰੋਬਾਰ ਵਿੱਚ ਅਮਰੀਕੀ ਬ੍ਰਾਂਡ ਦੀ ਹਿੱਸੇਦਾਰੀ 15 ਫੀਸਦੀ ਹੈ। ਇਨ੍ਹਾਂ ਵਿੱਚ ਉਹ ਪੈਨ ਆਉਂਦੇ ਹਨ, ਜਿਨ੍ਹਾਂ ਦੀ ਕੀਮਤ 10 ਡਾਲਰ ਯਾਨੀ 790 ਰੁਪਏ ਤੋਂ ਵੱਧ ਹੈ। ਨਿਖਿਲ ਰੰਜਨ ਨੂੰ ਉਮੀਦ ਹੈ ਕਿ ਉਹ ਸ਼ੀਫਰ ਲਈ ਭਾਰਤ ਨੂੰ ਸਭ ਤੋਂ ਵੱਡਾ ਬਾਜ਼ਾਰ ਬਣਾ ਦੇਣਗੇ। ਇਸ ਸੌਦੇ ਤੋਂ ਬਾਅਦ ਉਸ ਦੇ ਸਾਲਾਨਾ ਕਾਰੋਬਾਰ ਵਿੱਚ 30 ਫੀਸਦੀ ਜਾ ਵਾਧਾ ਹੋਣ ਦੇ ਆਸਾਰ ਹਨ। ਹਾਲੇ ਕੰਪਨੀ ਦਾ ਮਾਲੀਆ ਕਰੀਬ 100 ਕਰੋੜ ਰੁਪਏ ਦਾ ਹੈ।

## ਔਰਤ ਨੇ ਪਤੀ ਤੋਂ ਤਲਾਕ ਲੈ ਕੇ ਕੁੱਤੇ ਨਾਲ ਵਿਆਹ ਕਰਵਾਇਆ

ਲੰਡਨ, 10 ਅਗਸਤ (ਪੋਸਟ ਬਿਊਰੋ)- ਕ੍ਰੋਏਸ਼ੀਆ ਵਿੱਚ ਇੱਕ ਦਿਲਚਸਪਕੇਸ ਸਾਹਮਣੇ ਆਇਆ ਹੈ। ਇੱਥੇ ਰਹਿਣ ਵਾਲੀ ਇੱਕ ਔਰਤ ਨੇ ਪਤੀ ਤੋਂ ਤਲਾਕ ਲੈ ਕੇ ਦੂਸਰਾ ਵਿਆਹ ਕਰ ਲਿਆ ਹੈ। ਤੁਸੀਂ ਸੋਚ ਰਹੇ ਹੋਵੋਗੇ ਕਿ ਆਖਰ ਇਸ ਵਿੱਚ ਹੈਰਾਨੀ ਵਾਲੀ ਕੀ ਗੱਲ ਹੈ। ਗੱਲ ਇਹ ਹੈ ਕਿ ਔਰਤ ਨੇ ਤਲਾਕ ਤੋਂ ਬਾਅਦ ਵਿਆਹ ਕਿਸੇ ਇਨਸਾਨ ਨਾਲ ਨਹੀਂ, ਸਗੋਂ ਆਪਣੇ ਕੁੱਤੇ ਨਾਲ ਕੀਤਾ ਹੈ।ਇਸ ਅਜੀਬੋਗਰੀਬ ਵਿਆਹ ਨੂੰ ਧੂਮਧਾਮ ਨਾਲ ਨਿਭਾਇਆ ਕੀਤਾ ਗਿਆ ਅਤੇ ਖਾਸ ਗੱਲ ਇਹ ਹੈ ਕਿ ਇਸ ਵਿਆਹ ਵਿੱਚ ਲੱਗਭਗ 200 ਲੋਕਾਂ ਨੇ ਹਿੱਸਾ ਲਿਆ।

47 ਸਾਲ ਦੀ ਅਮਾਂਡਾ ਰੋਜਰਸ ਦਾ ਕਹਿਣਾ ਹੈ ਕਿ ਉਹ ਕੁੱਤੇ ਨਾਲ ਵਿਆਹ ਕਰ ਕੇ ਬੇਹੱਦ ਖੁਸ਼ ਹਨ। ਉਸ ਨੇ ਦੱਸਿਆ ਕਿ ਜੀਵਨਸਾਥੀ ਵਿੱਚ ਉਨ੍ਹਾਂ ਨੂੰ ਜੋ ਚਾਹੀਦਾ ਸੀ, ਉਹ ਸ਼ੀਬਾ (ਕੁੱਤੇ) ਵਿੱਚ ਮਿਲਿਆ ਹੈ।ਮੀਡੀਆ ਰਿਪੋਰਟਾਂ ਮੁਤਾਬਕ ਤਲਾਕ ਤੋਂ ਬਾਅਦ ਅਮਾਂਡਾ ਰੋਜਰਸ ਕਈ ਮਹੀਨੇ ਸਿੰਗਲ ਰਹੀ। ਅੱਜਕੱਲ੍ਹ ਉਹ ਨਵੇਂ ਪਾਰਟਨਰ ਸ਼ੀਬਾ ਨਾਲ ਬੇਹੱਦ ਖੁਸ਼ ਹੈ। ਅਮਾਂਡਾ ਨੇ ਕਿਹਾ ਕਿ ਉਹ ਮੇਰੀ ਜ਼ਿੰਦਗੀ ਦਾ ਅਹਿਮ ਹਿੱਸਾ ਹੇ। ਉਹ ਮੈਨੂੰ ਹਸਾਉਂਦਾ ਹੈ, ਮੈਨੂੰ ਖੁਸ਼ ਰੱਖਦਾ ਹੈ ਅਤੇ ਜਦੋਂ ਮੈਂ ਪ੍ਰੇਸ਼ਾਨ ਹੁੰਦੀ ਹਾਂ ਤਾਂ ਮੈਨੂੰ ਪਿਆਰ ਵੀ ਦਿੰਦਾ ਹੈ।

ਰਾਜਸਥਾਨ ਵਿੱਚ ਪਹਿਲਾਂ ਕੇਸ:

# ਪਤਨੀ 70 ਸਾਲ ਦੀ, ਪਤੀ 75 ਦਾ, ਬੇਟੇ ਨੂੰ ਜਨਮ ਦਿੱਤਾ



ਅਲਵਰ, 10 ਅਗਸਤ (ਪੋਸਟ ਬਿਊਰੋ)- ਕੱਲ੍ਹ 70 ਸਾਲ ਤੋਂਵੱਧ ਉਮਰ ਦੇ ਬਜ਼ੁਰਗ ਜੋੜੇ ਦੇ ਘਰ ਕਿਲਕਾਰੀ ਗੂੰਜੀ। ਮਾਂ ਦੀ ਉਮਰ 70 ਸਾਲ ਅਤੇ ਪਿਤਾ ਦੀ ਉਮਰ 75 ਸਾਲ ਹੈ।

ਸ਼ਾਦੀ ਦੇ ਕਰੀਬ 54 ਸਾਲ ਬਾਅਦ ਦੋਨਾਂ ਨੂੰ ਪਹਿਲੀ ਸੰਤਾਨ ਹੋਈ ਹੈ। ਡਾਕਟਰ ਦਾ ਦਾਅਵਾ ਹੈ ਕਿ ਰਾਜਸਥਾਨ ਵਿੱਚ ਇਹ ਇਕੱਲਾ ਕੇਸ ਹੈ ਕਿ ਇੰਨੀ ਉਮਰ ਦੀ ਮਹਿਲਾ ਨੇ ਬੇਟੇ ਨੂੰ ਜਨਮ ਦਿੱਤਾ ਹੈ। ਆਈ ਵੀ ਐਫ ਤਕਨੀਕ ਨਾਲ ਦੁਨੀਆ ਵਿੱਚ ਪਹਿਲਾਂ ਵੀ ਕਈ ਬਜ਼ੁਰਗ ਜੋੜੇ 70-75 ਸਾਲ ਦੀ ਉਮਰ ਦੇ ਮਾਤਾ-ਪਿਤਾ ਬਣ ਚੁੱਕੇ ਹਨ। ਬੰਗਲਾਦੇਸ਼ ਦੇ ਯੁੱਧ ਵਿੱਚ ਝੁੰਝੁਨੂ ਦੇ ਨੁਹਨੀਆ ਪਿੰਡ ਦੇ ਸਾਬਕਾ ਸੈਨਿਕ ਗੋਪੀਚੰਦ ਨੂੰ ਪੈਰ ਵਿੱਚ ਗੋਲੀ ਲੱਗੀ ਸੀ। ਦੋਨਾਂ ਨੂੰ ਸੰਤਾਨ ਨਹੀਂ ਸੀ। ਗੋਪੀਚੰਦ ਦਾ ਕਹਿਣਾ ਹੈ ਕਿ ਪਹਿਲੀ ਸੰਤਾਨ ਦੀ ਖੁਸ਼ੀ ਕਿੱਦਾਂ ਜ਼ਾਹਿਰ ਕਰਾਂ, ਪਤਾ ਨਹੀਂ।ਉਸ ਦਾ ਕਹਿਣਾ ਹੈ, ਉਹ ਦੁਨੀਆ ਵਿੱਚ ਸਭ ਦੇ ਬਰਾਬਰ ਹੋ ਗਏ।ਕੁਣਬਾ ਅੱਗੇ ਵਧ ਸਕੇਗਾ। ਚੰਦਰਵਤੀ ਦੀਆਂ ਅੱਖਾਂ ਤੋਂ ਵਾਰ-ਵਾਰ ਖੁਸ਼ੀ ਦੇ ਅੱਥਰੂ ਨਿਕਲਦੇ ਹਨ। ਆਈ ਵੀ ਐਫ (ਇਨ੍ਹਾਂ ਵਿਟ੍ਰੋ ਫਟਿਰਲਾਇਜ਼ੇਸ਼ਨ) ਐਕਸਪਰਟ ਡਾ. ਪੰਕਜ ਗੁਪਤਾ ਕਹਿੰਦੇ ਹਨ, ਦੇਸ਼ ਵਿੱਚ ਇਸ ਉਮਰ ਵਿੱਚ ਬੱਚੇ ਪੈਦਾ ਹੋਣ ਦੇ ਗਿਣੇ-ਚੁਣੇ ਹੀ ਕੇਸ ਹਨ।ਰਾਜਸਥਾਨ ਦਾ ਸ਼ਾਇਦ ਇਹ ਪਹਿਲਾਂ ਕੇਸ ਹੈ, ਜਦੋਂ 75 ਸਾਲ ਦੇ ਪੁਰਸ਼ ਅਤੇ 70 ਸਾਲ ਦੀ ਮਹਿਲਾ ਨੂੰ ਸੰਤਾਨ ਪ੍ਰਾਪਤ ਹੋਈ ਹੈ।

ਦਿੱਲੀ ਪੁਲਸ ਨੇ ਕੋਰਟ ਨੂੰ ਕਿਹਾ:

## ਥਾਣਿਆਂ ਦੀ ਸੀ ਟੀ ਵੀ ਪ੍ਰਣਾਲੀ ਵਿੱਚ ਆਡੀਓ ਰਿਕਾਰਡਿੰਗ ਨਹੀਂ



ਨਵੀਂ ਦਿੱਲੀ, 10 ਅਗਸਤ (ਪੋਸਟ ਬਿਊਰੋ)- ਦਿੱਲੀ ਪੁਲਸ ਨੇ ਹਾਈ ਕੋਰਟ ਨੂੰ ਦੱਸਿਆ ਕਿ ਮੌਜੂਦਾ ਸਮੇਂ ਵਿੱਚ ਉਸ ਦੇ ਥਾਣਿਆਂ ਦੀ ਸੀ ਸੀ ਟੀ ਵੀ ਪ੍ਰਣਾਲੀ ਵਿੱਚ ਆਡੀਓ ਰਿਕਾਰਡਿੰਗ ਸਹੂਲਤ ਨਹੀਂ ਹੈ ਅਤੇ ਇਸ ਦੇ ਅਪਗ੍ਰੇਡ ਦਾ ਮਾਮਲਾ ਕੇਂਦਰ ਸਰਕਾਰ ਕੋਲ ਇਸ ਵਕਤ ਪੈਂਡਿੰਗ ਹੈ।

ਜਸਟਿਸ ਅਨੂੰ ਮਲਹੋਤਰਾ ਨੇ ਨਿਰਦੇਸ਼ ਦਿੱਤਾ ਕਿ ਕੇਂਦਰ ਸਰਕਾਰ ਨੂੰ ਵੀ ਚੱਲ ਰਹੀ ਕਾਰਵਾਈ ਵਿੱਚ ਇੱਕ ਧਿਰ ਬਣਾਇਆ ਜਾਵੇ।ਕੋਰਟ ਨੇ ਕਿਹਾ ਕਿ ਇਹ ਜ਼ਰੂਰੀ ਹੈ ਕਿ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇ। ਕੋਰਟ ਦਾ ਹੁਕਮ ਉਸ ਪਟੀਸ਼ਨ ਉੱਤੇ ਆਇਆ, ਜਿਸ ਵਿੱਚ ਦੋਸ਼ ਲਾਇਆ ਗਿਆ ਕਿ ਪਟੀਸ਼ਨਰ, ਜੋ ਇੱਕ ਮਸਜਿਦ ਦੇ ਇਮਾਮ ਹਨ, ਨੂੰ ਥਾਣੇ ਵਿੱਚ ਅਧਿਕਾਰੀ ਦੀ ਹਾਜ਼ਰੀ ਵਿੱਚ ਕੁਝ ਲੋਕਾਂ ਨੇ ਧਮਕਾਇਆ ਅਤੇ ਉਨ੍ਹਾਂ ਦੇ ਨਾਲ ਗੈਰ-ਮਨੁੱਖੀ ਅਤੇ ਅਪਮਾਨਜਨਕ ਵਤੀਰਾ ਕੀਤਾ ਸੀ।ਕੋਰਟ ਨੇ ਇਸ ਤੋਂ ਪਹਿਲਾਂ ਕਿਹਾ ਸੀ ਕਿ ਥਾਣਿਆਂ ਵਿਚਲੀ ਸੀ ਸੀ ਟੀ ਵੀ ਪ੍ਰਣਾਲੀ ਵਿੱਚ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਆਡੀਓ ਅਤੇ ਵੀਡੀਓ ਫੁਟੇਜ ਦੀ ਸਹੂਲਤ ਚਾਹੀਦੀ ਹੈ। ਕੋਰਟ ਨੇ 1 ਅਗਸਤ ਨੂੰ ਆਪਣੇ ਹੁਕਮ ਵਿੱਚ ਕਿਹਾ ਸੀ ਕਿ ਗ੍ਰਹਿ ਮੰਤਰਾਲੇ ਦੀ ਮੱਦਦ ਨਾਲ ਯੂ ਓ ਆਈ ਨੂੰ ਮੌਜੂਦਾ ਪਟੀਸ਼ਨ ਵਿੱਚ ਇੱਕ ਧਿਰ ਦੇ ਰੂਪ ਵਿੱਚ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ।

# ਖਾਣਾ ਲੁੱਟਣ ਲਈ ਜ਼ੋਮੈਟੋ ਡਿਲੀਵਰੀ ਬੁਆਏ ਦੀ ਹੱਤਿਆ



ਇੰਦੌਰ, 10 ਅਗਸਤ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਇੰਦੌਰ ਵਿੱਚ ਖਾਣਾ ਲੁੱਟਣ ਲਈ ਜ਼ੋਮੈਟੋ ਦੇ ਡਿਲੀਵਰੀ ਬੁਆਏ ਦੀ ਹੱਤਿਆ ਕਰ ਦਿੱਤੀ ਗਈ ਅਤੇ ਇਸ ਦੇ ਬਾਅਦ ਉਸੇ ਦੇ ਬੈਗ ਵਿੱਚ ਰੱਖੀ ਬਰਿਆਨੀ ਖਾਣ ਪਿੱਛੋਂ ਕਾਤਲ ਘਰ ਜਾਕੇ ਸੌਂ ਗਏ। 28 ਜੁਲਾਈ ਦੀ ਇਸ ਵਾਰਦਾਤ ਬਾਰੇ ਪੁਲਸ ਨੇ ਚਾਰ ਨਾਬਾਲਗਾਂ ਸਮੇਤ ਛੇ ਲੋਕਾਂ ਨੂੰ ਫੜਿਆ ਹੈ। ਦੋਸ਼ੀਆਂ ਨੇ ਖਾਣੇ ਦਾ ਪਾਰਸਲ ਲੁੱਟਣ ਲਈ ਹੀ ਹੱਤਿਆ ਕਰਨ ਦੀ ਗੱਲ ਮੰਨ ਲਈ ਹੈ।

ਪੁਲਸ ਕਮਿਸ਼ਨਰ ਧਰਮਿੰਦਰ ਭਦੌਰੀਆ ਮੁਤਾਬਕ ਸੁਨੀਲ ਜ਼ੋਮੈਟੋ ਵਿੱਚ ਡਿਲੀਵਰੀ ਬੁਆਏ ਸੀ। 28 ਜੁਲਾਈ ਨੂੰ ਉਹ ਬਰਿਆਨੀ ਦਾ ਪਾਰਸਲ ਲੈ ਕੇ ਜਾ ਰਿਹਾ ਸੀ। ਰਾਹ ਵਿੱਚ ਛੇ ਜਣਿਆਂ ਨੇ ਉਸ ਨੂੰ ਰੋਕਿਆ ਅਤੇ ਪਾਰਸਲ ਲੁੱਟਣ ਦੀ ਕੋਸ਼ਿਸ਼ ਕੀਤੀ। ਸੁਨੀਲ ਨੇ ਵਿਰੋਧ ਕੀਤਾ ਤਾਂ ਇੱਕ ਨਾਬਾਲਗ ਦੋਸ਼ੀ,ਜਿਸ ਨੇ ਪਰਨੇ ਨਾਲ ਮੂੰਹ ਢੱਕਿਆ ਸੀਅਤੇ ਦੂਸਰੇ ਦੋਸ਼ੀ ਵਿਸ਼ਾਲ ਨੇ ਚਾਕੂ ਮਾਰ ਦਿੱਤਾ। ਦੋ ਨਾਬਾਲਗਾਂ ਨੇ ਪਾਰਸਲ ਵਾਲਾ ਬੈਗ ਖੋਹ ਲਿਆ। ਮੌਕੇ ਉੱਤੇ ਕੋਈ ਸੀ ਸੀ ਟੀ ਵੀ ਕੈਮਰਾ ਨਾ ਹੋਣ ਕਾਰਨ ਪੁਲਸ ਨੂੰ ਦੋਸ਼ੀਆਂ ਨੂੰ ਲੱਭਣ ਵਿੱਚ ਕਾਫੀ ਮਿਹਨਤ ਕਰਨੀ ਪਈ। ਪੁਲਸ ਨੇ ਕਰੀਬ ਪੌਣੇ ਚਾਰ ਸੌ ਬਦਮਾਸ਼ਾਂ ਕੋਲੋਂ ਪੁੱਛਗਿੱਛ ਕੀਤੀ ਤਾਂ ਕਾਤਲ ਫੜੇ ਗਏ। ਉਨ੍ਹਾਂ ਨੇ ਸੁਨੀਲ ਦਾ ਪਰਸ ਵੀ ਲੁੱਟਿਆ ਸੀ, ਜਿਸ ਵਿੱਚ ਚਾਰ ਹਜ਼ਾਰ ਰੁਪਏ ਸਨ। ਲੁੱਟੇ ਰੁਪਏ, ਪਰਸ ਤੇ ਬੈਗ ਦੀ ਤਲਾਸ਼ ਲਈ ਪੁਲਸ ਨੇ ਸਾਰੇ ਦੋਸ਼ੀਆਂ ਨੂੰ ਰਿਮਾਂਡ ਉੱਤੇ ਲਿਆ ਹੈ।

ਮਿਲੀ ਜਾਣਕਾਰੀ ਮੁਤਾਬਕ ਦੋਸ਼ੀਆਂ ਵਿੱਚ ਨਾਬਾਲਗ ਸ਼ਰਾਬ, ਗਾਂਜਾ ਸਮੇਤ ਹੋਰ ਪਦਾਰਥਾਂ ਦਾ ਨਸ਼ਾ ਕਰਦੇ ਹਨ। ਨਸ਼ੇ ਦੇ ਬਾਅਦ ਉਨ੍ਹਾਂ ਨੂੰ ਤੇਜ਼ ਭੁੱਖ ਲੱਗਦੀ ਹੈ। ਜਦੋਂ ਸੁਨੀਲ ਉਨ੍ਹਾਂ ਨੂੰ ਪਾਰਸਲ ਲਿਜਾਂਦਾ ਦਿਸਿਆ, ਉਨ੍ਹਾਂ ਨੇ ਉਸ ਨੂੰ ਰੋਕ ਲਿਆ। ਉਹਖਾਣਾ ਲੁੱਟਣਾ ਚਾਹੁੰਦੇ ਸਨ ਅਤੇ ਵਿਰੋਧ ਕਰਨ ਉੱਤੇ ਹੱਤਿਆ ਕਰ ਦਿੱਤੀ। ਨਸ਼ੇੜੀਆਂ ਦੀ ਭੁੱਖ ਇੰਨੀ ਤੇਜ਼ ਸੀ ਕਿ ਉਸ ਨੇ ਉਥੇ ਬਰਿਆਨੀ ਖਾਧੀ ਅਤੇ ਘਰ ਜਾ ਕੇ ਸੌਂ ਗਏ।

## ਮੁਹੱਰਮ ਦੇ ਜਲੂਸ ਦੌਰਾਨ ਡੀ ਜੇ ਵਜਾਉਣ ਤੋਂ ਹਿੰਦੂਆਂ ਦੀਆਂ ਦੁਕਾਨਾਂ ਅਤੇ ਘਰਾਂ ਉੱਤੇ ਪਥਰਾਅ



ਬਰੇਲੀ, 10 ਅਗਸਤ (ਪੋਸਟ ਬਿਊਰੋ)- ਮੁਹੱਰਮ ਦਾ ਜਲੂਸ ਨਿਕਲਣ ਵੇਲੇ ਉਤਰ ਪ੍ਰਦੇਸ਼ ਦੇ ਬਰੇਲੀ ਦੇ ਭੋਜੀਪੁਰਾ ਥਾਣੇ ਦੇ ਪਿੰਡ ਮਝੌਆ ਗੰਗਾਪੁਰ ਵਿੱਚ ਡੀ ਜੇ ਵਜਾਉਣ ਤੋਂ ਇੱਕ ਭਾਈਚਾਰੇ ਦੇ ਲੋਕਾਂ ਨੇ ਹਿੰਦੂਆਂ ਦੀਆਂ ਦੁਕਾਨਾਂ ਅਤੇ ਘਰਾਂ ਉੱਤੇ ਪਥਰਾਅ ਕਰ ਦਿੱਤਾ। ਇਸ ਘਟਨਾ ਵਿੱਚ ਲੱਗਭਗ 12 ਲੋਕ ਜ਼ਖ਼ਮੀ ਹੋ ਗਏ।

ਹਿੰਦੂ ਭਾਈਚਾਰੇ ਦੀਆਂ ਔਰਤਾਂ ਤੇ ਮਰਦਾਂ ਦਾ ਕਹਿਣਾ ਹੈ ਕਿ ਇੱਕ ਭਾਈਚਾਰੇ ਦੇ ਲੋਕਾਂ ਨੇ ਪੁਲਸ ਦੀ ਮੌਜੂਦਗੀ ਵਿੱਚ ਵੀ ਪਥਰਾਅ ਕੀਤਾ ਅਤੇ ਘਰ ਵਿੱਚ ਵੜ ਕੇ ਕੁੱਟਮਾਰ ਕੀਤੀ। ਪੁਲਸ ਮੂਕਦਰਸ਼ਕ ਬਣੀ ਰਹੀ। ਖੇਤਰ ਦੇ ਵਿਗੜੇ ਹਾਲਾਤ ਨੂੰ ਦੇਖ ਕੇ ਫੋਰਸ ਤਾਇਨਾਤ ਕਰ ਦਿੱਤੀ ਗਈ ਹੈ।ਇੱਕ ਸਮਾਜ ਦੇ ਲੋਕਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਦੋਂ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਕਾਂਵੜੀਆਂ ਉੱਤੇ ਫੁੱਲ ਵਰਸਾਸਕਦੇ ਹਨ ਤਾਂ ਅਸੀਂ ਡੀ ਜੇ ਕਿਉਂ ਨਹੀਂ ਵਜਾ ਸਕਦੇ। ਜਦੋਂ ਉਹ ਨਵੀਂ ਪਰੰਪਰਾ ਪਾਉਣਗੇ ਤਾਂ ਅਸੀਂ ਵੀ ਨਵੀਂ ਪਰੰਪਰਾ ਪਾ ਸਕਦੇ ਹਾਂ।

ਵਾਰਾਣਸੀ ਵਿੱਚ ਹਜਰਤ ਮੁਹੰਮਦ ਸਾਹਿਬ ਦੇ ਦੋਹਤੇ ਹਜਰਤ ਇਮਾਮ ਹਸਨ ਅਤੇ ਹੁਸੈਨ ਦੀ ਸ਼ਹਾਦਤ ਦੀ ਯਾਦ ਵਿੱਚ ਨੌਮੀ ਅਤੇ ਦਸਵੀਂ ਨੂੰ ਤਾਜੀਆ ਜੁਲੂਸ ਕੱਢਿਆ ਜਾਂਦਾ ਹੈ। ਮੁਹੱਰਮ ਦੀ ਦਸਵੀਂ ਦੀ ਸਵੇਰ ਕਰਬਲਾ ਵਿੱਚ ਅਰਾਮ ਕੀਤਾ ਜਾਂਦਾ ਹੈ। ਕੱਲ੍ਹ ਜਿੱਥੇ ਦੇਸ਼ ਵਿੱਚ ਮੁਹੱਰਮ ਦਾ ਤਿਓਹਾਰ ਮਨਾਇਆ ਗਿਆ ਤਾਂ ਉਤਰ ਪ੍ਰਦੇਸ਼ ਦੇ ਵਾਰਾਣਸੀ ਜ਼ਿਲ੍ਹੇ ਵਿੱਚ ਤਾਜੀਆ ਜਲੂਸ ਦੌਰਾਨ ਹੰਗਾਮਾ ਹੋਇਆ। ਇੱਥੇ ਤਾਜੀਆ ਜੁਲੂਸ ਦੌਰਾਨ ਹੰਗਾਮੇ ਤੋਂ ਬਾਅਦ ਖੂਬ ਕੁੱਟਮਾਰ ਹੋਈ ਅਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕੀਤਾ ਗਿਆ। ਹਮਲੇ ਵਿੱਚ ਛੇ ਲੋਕ ਜ਼ਖ਼ਮੀ ਹੋ ਗਏ।

# ਪ੍ਰਧਾਨ ਮੰਤਰੀ ਮੋਦੀ ਕੋਲ 2.23 ਕਰੋੜ ਰੁਪਏ ਦੀ ਚੱਲ ਜਾਇਦਾਦ

* ਜ਼ਮੀਨ ਦਾ ਟੁਕੜਾ ਦਾਨ ਕੀਤਾ, ਅਚੱਲ ਜਾਇਦਾਦ ਕੋਈ ਨਹੀਂ ਰੱਖੀ



ਨਵੀਂ ਦਿੱਲੀ, 10 ਅਗਸਤ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਕੁੱਲ ਜਮ੍ਹਾਂ 2.23 ਕਰੋੜ ਰੁਪਏ ਦੇ ਮੁੱਲ ਦੀ ਨਿੱਜੀ ਜਾਇਦਾਦ ਹੈ ਅਤੇ ਇਸ ਵਿੱਚੋਂ ਬਹੁਤਾ ਬੈਂਕ ਵਿੱਚ ਜਮ੍ਹਾਂ ਧਨ ਹੈ। ਉਨ੍ਹਾਂ ਕੋਲ ਇਸ ਵੇਲੇ ਕੋਈ ਅਚੱਲ ਜਾਇਦਾਦ ਨਹੀਂ ਹੈ। ਗਾਂਧੀਨਗਰ ਵਿੱਚ ਉਨ੍ਹਾਂ ਕੋਲ ਜ਼ਮੀਨ ਦਾ ਟੁਕੜਾ ਸੀ, ਉਹ ਦਾਨ ਕਰ ਦਿੱਤਾ ਸੀ।

ਇਸ ਬਾਰੇਪ੍ਰਧਾਨ ਮੰਤਰੀ ਦੀ 31 ਮਾਰਚ 2022 ਤਕ ਆਪਣੀ ਜਾਇਦਾਦ ਐਲਾਨ ਅਨੁਸਾਰ ਉਨ੍ਹਾਂ ਕਿਸੇ ਬਾਂਡ, ਸ਼ੇਅਰ ਜਾਂ ਮਿਊਚਲ ਫੰਡ ਵਿੱਚ ਨਿਵੇਸ਼ ਨਹੀਂ ਕੀਤਾ। ਉਨ੍ਹਾਂ ਕੋਲ ਸੋਨੇ ਦੀਆਂ ਚਾਰ ਅੰਗੂਠੀਆਂ ਹਨ, ਜਿਨ੍ਹਾਂ ਦੀ ਕੀਮਤ 1.73 ਲੱਖ ਰੁਪਏ ਹੈ।ਪ੍ਰਧਾਨ ਮੰਤਰੀ ਦਫਤਰ (ਪੀ ਐਮ ਓ) ਦੀ ਵੈਬਸਾਈਟ ਉੱਤੇ ਅਪਲੋਡ ਕੀਤੀ ਸੂਚਨਾ ਅਨੁਸਾਰ ਪ੍ਰਧਾਨ ਮੰਤਰੀ ਮੋਦੀ ਕੋਲ 31 ਮਾਰਚ ਤਕ ਕੁੱਲ ਦੋ ਕਰੋੜ 23 ਲੱਖ 82 ਹਜ਼ਾਰ 504 ਰੁਪਏ ਹਨ। ਉਨ੍ਹਾਂ ਕੋਲ ਕੋਈ ਮਕਾਨ ਅਤੇ ਵਾਹਨ ਨਹੀਂ ਹੈ। ਪਿਛਲੇ ਸਾਲ ਵਿੱਚ ਉਨ੍ਹਾਂ ਦੀ ਚੱਲ ਜਾਇਦਾਦ 26.13 ਕਰੋੜ ਰੁਪਏ ਵਧੀ ਹੈ। ਉਨ੍ਹਾਂ ਕੋਲ 1.1 ਕਰੋੜ ਰੁਪਏ ਦੀ ਅਚੱਲ ਜਾਇਦਾਦ ਸੀ, ਉਹ ਉਨ੍ਹਾਂ ਨੇ ਦਾਨ ਕਰ ਦਿੱਤੀ ਹੈ। ਇਸ ਲਈ ਉਨ੍ਹਾਂ ਕੋਲ ਅੱਜ ਕੋਈ ਅਚੱਲ ਜਾਇਦਾਦ ਨਹੀਂ।ਜਦੋਂ ਉਹ ਗੁਜਰਾਤ ਦੇ ਮੁੱਖ ਮੰਤਰੀ ਸਨ ਤਾਂ ਅਕਤੂਬਰ 2002 ਵਿੱਚ ਉਨ੍ਹਾਂ ਨੇ ਦੋ ਹੋਰ ਲੋਕਾਂ ਨਾਲ ਮਿਲ ਕੇ ਇੱਕ ਰਿਹਾਇਸ਼ੀ ਪਲਾਟ ਖਰੀਦਿਆ ਸੀ। ਇਸ ਵਿੱਚ ਤਿੰਨਾਂਜਣਿਆਂ ਦਾ ਬਰਾਬਰ ਦਾ ਹਿੱਸਾ ਸੀ।

ਨਵੀਂ ਅਪਡੇਟ ਅਨੁਸਾਰ ਆਪਣੇ ਹਿੱਸੇ ਦੀ ਅਚੱਲ ਜਾਇਦਾਦ ਸਰਵੇਖਣ ਗਿਣਤੀ 401/ਏ ਅਨੁਸਾਰ ਆਪਣੇ 25 ਫੀਸਦੀ ਦੀ ਅਚੱਲ ਜਾਇਦਾਦ ਮੋਦੀ ਨੇ ਦਾਨ ਕਰ ਦਿੱਤੀ ਸੀ। 31 ਮਾਰਚ 2022 ਤਕ ਮੋਦੀ ਕੋਲ ਨਗਦ ਰਕਮ ਸਿਰਫ 35,250 ਰੁਪਏ ਹੈ। ਡਾਕਖਾਨੇ ਵਿੱਚ 9,05,105 ਰੁਪਏ ਹਨ ਤੇ ਡਾਕਖਾਨੇ ਵਿੱਚ ਸਰਟੀਫਿਕੇਟ (ਐਨ ਐਸ ਏ) ਅਤੇ 1,89,305 ਰੁਪਏ ਦੀ ਜੀਵਨ ਬੀਮਾ ਪਾਲਿਸੀ ਹੈ।

## ਗਵਰਨਰ ਆਰਿਫ ਨੂੰ ਸਾਈਨ ਕਰਨ ਦਾ 'ਸਮਾਂ ਨਹੀਂ' ਮਿਲਿਆ

* ਕੇਰਲ ਸਰਕਾਰ ਦੇ ਕਈ ਆਰਡੀਨੈਂਸ ਰੱਦ

ਤਿਰੂਵਨੰਤਪੁਰਮ, 10 ਅਗਸਤ (ਪੋਸਟ ਬਿਊਰੋ)- ਕੇਰਲ ਦੇਖੱਬੇ ਜਮਹੂਰੀ ਮੋਰਚਾ (ਐਲ ਡੀ ਐਫ) ਦੀ ਸਰਕਾਰ ਦੇ ਕਈ ਆਰਡੀਨੈਂਸ ਅੱਠ ਅਗਸਤ ਨੂੰ ਰੱਦ ਹੋ ਗਏ, ਕਿਉਂਕਿ ਗਵਰਨਰ ਆਰਿਫ ਮੁਹੰਮਦ ਖਾਨ ਨੇ ਸਮੇਂ ਦੀ ਕਮੀਂ ਕਾਰਨ ਉਨ੍ਹਾਂ ਉੱਤੇ ਦਸਤਖ਼ਤ ਨਹੀਂ ਕੀਤੇ ਸੀ। ਸੂਤਰਾਂ ਨੇ ਦੱਸਿਆ ਕਿ ਗਵਰਨਰ ਦਿੱਲੀ ਵਿੱਚ ਸਨ ਤੇ ਤਿਰੂਵਨੰਤਪੁਰਮ ਆਉਣ ਵਾਲੇ ਹਨ। ਉਨ੍ਹਾਂ ਨੇ ਪੱਤਰਕਾਰਾਂ ਨੂੰ ਕਿਹਾ ਸੀ ਕਿ ਉਹ ਆਰਡੀਨੈਂਸਾਂ ਉੱਤੇ ਵਿਚਾਰ ਕੀਤੇ ਬਿਨਾਂ ਉਨ੍ਹਾਂ ਉੱਤੇ ਦਸਤਖ਼ਤ ਨਹੀਂ ਕਰਨਗੇ ਅਤੇ ਇਸ ਦੇ ਲਈ ਉਨ੍ਹਾਂ ਨੂੰ ਸਮਾਂ ਚਾਹੀਦਾ।

ਗਵਰਨਰ ਆਰਿਫ ਨੇ ਕਿਹਾ ਸੀ, "ਕਿਉਂ ਤੁਸੀਂ ਚਾਹੁੰਦੇ ਹੋ ਕਿ ਬਿਨਾਂ ਪੜ੍ਹੇ ਮੈਂ ਆਰਡੀਨੈਂਸ ਉੱਤੇ ਦਸਖ਼ਤ ਕਰ ਦੇਵਾਂ? ਸਾਨੂੰ ਲੋਕਤੰਤਰੀ ਭਾਵਨਾ ਦਿਖਾਉਣੀ ਚਾਹੀਦੀ ਹੈ। ਲੋਕਤੰਤਰ ਵਿੱਚ ਆਰਡੀਨੈਂਸ ਦੇਨਾਲ ਸੱਤਾ ਚਲਾਉਣਾ ਠੀਕ ਨਹੀਂ ਹੈ। ਜੇ ਤੁਸੀਂ ਆਰਡੀਨੈਂਸ ਨਾਲ ਰਾਜ ਕਰਨਾ ਹੈ ਤਾਂ ਵਿਧਾਨਸਭਾ ਦੀ ਕੀਲੋੜ ਹੈ?" ਆਰਿਫ ਖਾਨ ਦਾ ਦਾਅਵਾ ਸੀ ਕਿ ਆਰਡੀਨੈਂਸ ਫਾਈਲਾਂ ਉਨ੍ਹਾਂ ਨੂੰ ਉਸੇ ਦਿਨ ਭੇਜੀਆਂ ਗਈਆਂ, ਜਦੋਂ ਉਹ ਆਜ਼ਾਦੀ ਦਾ ਅੰਮ੍ਰਿਤ ਮਹੋਤਸਵ ਕਮੇਟੀ ਦੀ ਬੈਠਕ ਲਈ ਰਾਸ਼ਟਰੀ ਰਾਜਧਾਨੀ ਚੱਲੇ ਸਨ ਅਤੇ ਇਸ ਲਈ ਉਨ੍ਹਾਂ ਕੋਲ ਇਨ੍ਹਾਂ ਉੱਤੇਵਿਚਾਰ ਦਾ ਸਮਾਂ ਨਹੀਂ ਸੀ। ਕੇਰਲ ਦੇ ਕਾਨੂੰਨ ਮੰਤਰੀ ਪੀ ਰਾਜੀਵ ਨੇ ਕੱਲ੍ਹ ਦੁਪਹਿਰੇ ਪੱਤਰਕਾਰਾਂ ਦੇ ਸਵਾਲ ਦੇ ਜਵਾਬ ਵਿੱਚ ਕਿਹਾ ਸੀ ਕਿ ਗਵਰਨਰ ਨੇ ਆਰਡੀਨੈਂਸਾਂ ਉੱਤੇ ਦਸਤਖ਼ਤ ਕਰਨ ਤੋਂ ਇਨਕਾਰ ਨਹੀਂ ਕੀਤਾ ਅਤੇ ਅਜੇ ਦਿਨ ਖਤਮ ਨਹੀਂ ਹੋਇਆ ਹੈ।



# ਰਾਸ਼ਟਰਮੰਡਲ ਖੇਡਾਂ 'ਚ ਕਾਂਸੀ ਤਮਗਾ ਜੇਤੂ ਗੁਰਦੀਪ ਸਿੰਘ ਦਾ ਖੰਨਾ ਪਹੁੰਚਣ 'ਤੇ ਜ਼ੋਰਦਾਰ ਸਵਾਗਤ

## * ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਅਤੇ ਵਧੀਕ ਡਿਪਟੀ ਕਮਿਸ਼ਨਰ ਖੰਨਾ ਅਮਰਜੀਤ ਬੈਂਸ ਵੱਲੋਂ ਸਨਮਾਨ ਚਿੰਨ੍ਹ ਦਿੰਦਿਆਂ ਮੁਬਾਰਕਬਾਦ ਦਿੱਤੀ * ਕਿਹਾ! ਮਾਂ-ਪਿਓ, ਪਿੰਡ, ਸ਼ਹਿਰ, ਜ਼ਿਲ੍ਹਾ, ਸੂਬਾ ਅਤੇ ਦੇਸ਼ ਦਾ ਨਾ ਕੀਤਾ ਰੋਸ਼ਨ

ਖੰਨਾ(ਲੁਧਿਆਣ), 10 ਅਗਸਤ (ਗਿਆਨ ਸਿੰਘ)- ਕਾਮਨਵੈਲਥ ਖੇਡਾਂ ਬਰਮਿੰਘਮ 2022 ਵਿੱਚ ਵੇਟ ਲਿਫਟਿੰਗ ਦੀ ਹੈਵੀ ਵੇਟ ਕੈਟਾਗਿਰੀ ਵਿੱਚ ਕਾਂਸੀ ਤਮਗਾ ਜਿੱਤਣ ਵਾਲੇ ਸ੍ਰੀ ਗੁਰਦੀਪ ਸਿੰਘ ਪਿੰਡ ਮਾਜਰੀ ਦਾ ਖੰਨਾ ਸ਼ਹਿਰ ਵਿੱਚ ਪਹੁੰਚਣ 'ਤੇ ਸਥਾਨਕ 'ਸੈਲੀਬ੍ਰੇਸ਼ਨ ਬਾਜ਼ਾਰ' ਨੇੜੇ ਜੀ.ਟੀ. ਰੋਡ ਵਿਖੇ, ਪੰਜਾਬ ਸਰਕਾਰ ਦੀ ਤਰਫੋਂ ਵਿਧਾਨ ਸਭਾ ਹਲਕਾ ਖੰਨਾ ਦੇ ਵਿਧਾਇਕ ਸ. ਤਰੁਨਪ੍ਰੀਤ ਸਿੰਘ ਸੌਂਦ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਲੁਧਿਆਣਾ ਦੀ ਤਰਫੋਂ ਵਧੀਕ ਡਿਪਟੀ ਕਮਿਸ਼ਨਰ ਖੰਨਾ ਸ੍ਰੀ ਅਮਰਜੀਤ ਬੈਂਸ ਵੱਲੋਂ ਵੱਖ-ਵੱਖ ਸਨਮਾਨ ਚਿੰਨ੍ਹ ਦੇ ਕੇ ਭਰਵਾ ਸਵਾਗਤ ਕੀਤਾ ਅਤੇ ਮੁਬਾਰਕਬਾਦ ਦਿੱਤੀ।

< ਵਿਧਾਇਕ ਸ. ਤਰੁਨਪ੍ਰੀਤ ਸਿੰਘ ਸੌਂਦ ਨੇ ਆਪਣੇ ਵਿਧਾਨ ਸਭਾ ਹਲਕਾ ਖੰਨਾ ਵਿਖੇ ਖਿਡਾਰੀ ਗੁਰਦੀਪ ਸਿੰਘ ਵੱਲੋਂ ਪਿੰਡ ਮਾਜਰੀ, ਖੰਨਾ ਸ਼ਹਿਰ, ਜਿਲ੍ਹਾ ਲੁਧਿਆਣਾ, ਪੰਜਾਬ ਅਤੇ ਭਾਰਤ ਦਾ ਨਾਂ ਰੋਸ਼ਨ ਕਰਨ 'ਤੇ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਸਰਕਾਰ ਵੱਲੋਂ ਖਿਡਾਰੀ ਗੁਰਦੀਪ ਸਿੰਘ ਦਾ ਬਣਦਾ ਹੋਰ ਮਾਣ-ਸਨਮਾਨ ਦਿਵਾਇਆ ਜਾਵੇਗਾ। ਉਹਨਾਂ ਕਿਹਾ ਕਿ ਚੋਪੜਾ ਣ ਵਾਅਦੇ ਮੁਤਾਬਿਕ, ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਜਲਦ ਜਲੰਧਰ ਵਿੱਚ ਇੱਕ ਬਹੁਤ ਵੱਡੀ ਖੇਡ ਯੂਨੀਵਰਸਿਟੀ ਬਨਾਉਣ ਜਾ ਰਹੇ ਹਾਂ। ਉਨ੍ਹਾਂ ਕਿਹਾ ਕਿ ਇਹ ਯੂਨੀਵਰਸਿਟੀ 5 ਸਾਲ ਦੇ ਸਮੇਂ ਵਿੱਚ ਬਣ ਕੇ ਤਿਆਰ ਹੋ ਜਾਵੇਗੀ ਅਤੇ ਇਹ ਇੱਕ ਨੈਸ਼ਨਲ ਲੈਵਲ ਦੀ ਯੂਨੀਵਰਸਿਟੀ ਹੋਵੇਗੀ ਤਾਂ ਜ਼ੋ ਸਾਡਾ ਯੂਥ ਖੇਡਾਂ ਵਿੱਚ ਵੱਡੀਆਂ ਮੱਲਾਂ ਮਾਰਦਿਆਂ ਪੰਜਾਬ ਦਾ ਨਾਂ ਰੋਸ਼ਨ ਕਰ ਸਕੇ।





ਵਿਧਾਇਕ ਸੌਂਦ ਨੇ ਕਿਹਾ ਕਿ ਉਹ ਆਪਣੇ ਹਲਕਾ ਖੰਨਾ ਵਿੱਚ ਆਉਣ ਵਾਲੇ ਸਮੇਂ ਵਿੱਚ ਇਨਡੋਰ ਖੇਡਾਂ ਦਾ ਪ੍ਰਬੰਧ ਕਰਨ ਜਾ ਰਹੇ ਹਨ, ਜਿਸ ਵਿੱਚ ਲਾਅਨ ਟੈਨਿਸ, ਟੇਬਲ ਟੈਨਿਸ ਅਤੇ ਬੈਡਮਿੰਟਨ ਆਦਿ ਸ਼ਾਮਲ ਹਨ। ਉਹਨਾਂ ਕਿਹਾ ਕਿ ਮੇਰੇ ਹਲਕੇ ਦੇ ਜਿਹੜੇ ਪਿੰਡਾਂ ਵਿੱਚ ਵੱਡੇ-ਵੱਡੇ ਖੇਡ ਗਰਾਊਂਡ ਹਨ, ਇਹਨਾਂ ਖੇਡ ਗਰਾਊਂਡਾਂ ਦਾ ਪੂਰਾ ਰੱਖ-ਰਖਾਵ ਕਰਕੇ ਵਧੀਆ ਤਰੀਕੇ ਨਾਲ ਮੇਨਟੇਨ ਕਰਕੇ ਉੱਥੇ ਅਲੱਗ-ਅਲੱਗ ਤਰ੍ਹਾਂ ਦੇ ਗਰਾਊਂਡ ਵਿਕਸਤ ਕੀਤੇ ਜਾਣਗੇ।

ਵਧੀਕ ਡਿਪਟੀ ਕਮਿਸ਼ਨਰ ਖੰਨਾ ਸ੍ਰੀ ਅਮਰਜੀਤ ਬੈਂਸ ਨੇ ਕਾਂਸੀ ਤਮਗਾ ਜੇਤੂ ਸ੍ਰੀ ਗੁਰਦੀਪ ਸਿੰਘ ਪਿੰਡ ਮਾਜਰੀ (ਖੰਨਾ) ਨੂੰ ਵਧਾਈ ਦਿੰਦਿਆ ਕਿਹਾ ਕਿ ਉਸ ਨੇ ਸਾਡੇ ਸ਼ਹਿਰ ਖੰਨਾ, ਜ਼ਿਲ੍ਹਾ ਲੁਧਿਆਣਾ, ਪੰਜਾਬ ਅਤੇ ਦੇਸ਼ ਦਾ ਨਾਂ ਰੋਸ਼ਨ ਕੀਤਾ ਹੈ, ਜਿਸ ਨਾਲ ਉਹ ਬਹੁਤ ਮਾਣ ਮਹਿਸੂਸ ਕਰ ਰਹੇ ਹਨ। ਉਹਨਾਂ ਕਿਹਾ ਕਿ ਸ੍ਰੀ ਗੁਰਦੀਪ ਸਿੰਘ ਦੇ ਕਾਂਸੀ ਤਮਗਾ ਜਿੱਤਣ ਦਾ ਸਿਹਰਾ ਉਸ ਦੇ ਮਾਤਾ-ਪਿਤਾ ਅਤੇ ਕੋਚਾਂ ਨੂੰ ਵੀ ਜਾਂਦਾ ਹੈ।


ਕਾਂਸੀ ਤਮਗਾ ਜੇਤੂ ਸ੍ਰੀ ਗੁਰਦੀਪ ਸਿੰਘ ਦੇ ਪਿਤਾ ਸ੍ਰ. ਭਾਗ ਸਿੰਘ ਨੇ ਕਿਹਾ ਕਿ ਉਸ ਦੇ ਪੁੱਤਰ ਵੱਲੋਂ ਕਾਂਸੀ ਤਮਗਾ ਜਿੱਤਣ 'ਤੇ ਉਹ ਬਹੁਤ ਮਾਣ ਮਹਿਸੂਸ ਕਰ ਰਹੇ ਹਨ। ਸ੍ਰੀ ਗੁਰਦੀਪ ਸਿੰਘ ਦੇ ਕੋਚ ਸ੍ਰੀ ਸ਼ੁਭਕਰਮਨ ਸਿੰਘ ਰਾਣਾ ਅਤੇ ਕੋਚ ਸ੍ਰੀ ਮੋਹਨ ਸਿੰਘ ਨੇ ਕਿਹਾ ਕਿ ਗੁਰਦੀਪ ਸਿੰਘ ਖੰਨਾ ਵੇਟ ਲਿਫਟਿੰਗ ਸੈਂਟਰ ਖੰਨਾ ਦਾ ਹੋਣਹਾਰ ਖਿਡਾਰੀ ਹੈ ਅਤੇ ਅੱਜ ਖੰਨਾ ਵੇਟ ਲਿਫਟਿੰਗ ਐਸੋਸੀਏਸ਼ਨ ਗੁਰਦੀਪ ਸਿੰਘ ਦੇ ਕਾਂਸੀ ਤਮਗਾ ਜਿੱਤਣ ਤੇ ਮਾਣ ਮਹਿਸੂਸ ਕਰ ਰਹੀ ਹੈ।

ਸ੍ਰੀ ਗੁਰਦੀਪ ਸਿੰਘ ਕਾਂਸੀ ਤਗਮਾ ਜੇਤੂ ਨੇ ਕਿਹਾ ਕਿ ਇਸ ਦਾ ਸਿਹਰਾ ਉਸ ਵੱਲੋ ਕੀਤੀ ਸਖਤ ਮਿਹਨਤ ਦੇ ਨਾਲ-ਨਾਲ ਉਹਨਾਂ ਦੇ ਪਿਤਾ ਸ੍ਰ. ਭਾਗ ਸਿੰਘ, ਮਾਤਾ ਜਸਵੀਰ ਕੌਰ ਤੇ ਪੂਰੇ ਪਰਿਵਾਰ ਦੇ ਸਹਿਯੋਗ ਨਾਲ ਅਤੇ ਖੰਨਾ ਵੇਟ ਲਿਫਟਿੰਗ ਸੈਂਟਰ ਖੰਨਾ ਵਿੱਚ ਕੋਚ ਸ੍ਰੀ ਸ਼ੁਭਕਰਮਨ ਸਿੰਘ ਰਾਣਾ ਅਤੇ ਕੋਚ ਸ੍ਰੀ ਮੋਹਨ ਸਿੰਘ ਦੀ ਅਗਵਾਈ ਵਿੱਚ ਕੋਚਿੰਗ ਲੈ ਕੇ ਵਡਮੁੱਲੀ ਪ੍ਰਾਪਤੀ ਕੀਤੀ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਕਾਂਸੀ ਤਮਗਾ ਜੇਤੂ ਗੁਰਦੀਪ ਸਿੰਘ ਭਾਰਤੀ ਰੇਲਵੇਂ ਵਿੱਚ ਬਤੌਰ ਸੀਨੀਅਰ ਟੀ.ਟੀ ਵੱਜੋਂ ਸੇਵਾਵਾਂ ਵੀ ਨਿਭਾਅ ਰਹੇ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



# Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਿੱਖ ਰਾਜਪੂਤ (ਜੰਜੂਆ), ਜਨਮ ਦਸੰਬਰ, 1991, ਕੱਦ 5'11", ਕੈਨੇਡੀਅਨ ਸਿਟੀਜਨ, ਵੈੱਲ ਸੈਟਲਡ ਲੜਕੇ ਲਈ ਕੈਨੇਡੀਅਨ ਪੀਆਰ/ਸਿਟੀਜਨ, ਉਮਰ 25-27 ਸਾਲ, ਖਾਨਦਾਨੀ ਘਰਾਣੇ ਨਾਲ ਸੰਬੰਧਤ ਸੁੰਦਰ ਅਤੇ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 647-239-4866 ਅਤੇ 647-773-5902

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post






ਸਾਰੀਆਂ ਸੱਮਸਿਆਵਾਂ ਦੇ ਇਲਾਜ਼ ਲਈ
AWARD WINNER
RAJNI SHARMA

- ਸਾਰੀਆਂ ਬਿਮਾਰੀਆਂ ਦਾ ਨੈਚੁਰਲ ਢੰਗ ਨਾਲ ਇਲਾਗ ਕੀਤਾ ਜਾਦਾਂ ਹੈ
- ਧਰਨ ਚੁਕ ਅਤੇ ਬੈਕ ਪਰਾਬਲਮ
- ਛਟਕਾ ਪੇਨ ਅਤੇ ਬੱਚੇ ਦੀ ਪਰਾਬਲਮ
- ਮੈਂਟਲ ਹੈਲਥ ਪਰਾਬਲਮ
- ਸ਼ਰੀਰ ਦੀਆਂ ਸਾਰੀਆਂ ਸੱਮਸਿਆਵਾਂ ਦੀ ਮਦੱਦ ਲਈ ਕਾਲ ਕਰੋ :

RAJNI SHARMA - CALL 647-409-0731
Near Ebenzer & Gore - 45 Caranci Crescent, Brampton, ON L6P 1H3

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ,ਉਮਰ 28 ਸਾਲ,ਕੱਦ 5'7", ਕੈਨੇਡੀਅਨ ਪੀ ਆਰ ਲੜਕੇ ਲਈ ,ਪੀ ਆਰ ਜਾਂ ਵਰਕਪਰਮਟ, ਪੜੀ ਲਿਖੀ ਲੜਕੀ ਦੀ ਲੋੜ ਹੈ, ਮੈਰੇਜ ਬਿਊਰੋ ਮਾਫ਼ ਕਰਨ, ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
WhatsApp +919915470912, 6475312139

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664




## ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**

## ਲੜਕੇ ਦੀ ਲੋੜ

ਨਾਈ ਸਿੱਖ ਲੜਕੀ, 1993, Masters in Commerce, Two years Canadian Education, Job: Accounting Bookkeeper Got: Hargun Height: 5'3, Status in canada : PR, (1 brother also in canada ) Looking for vegetarian , Well educated sikh boy. (Preferred in canada.) 6048973052

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੇ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com



Urgently Need New Listings in Brampton/Caledon

visit: www.teamjagaujla.com

Call JAG AUJLA

MCNE, REAL ESTATE BROKER

DIR: 416-371-7777

j.aujla@rogers.com www.jagaujla.com

CALL JAG FOR A QUICK & FREE HOME EVALUATION

www.BramptonTopRealtor.com www.BramptonTopAgent.com

URGENTLY NEED NEW LISTINGS IN THIS AREA

RECENTLY LISTED/SOLD IN YOUR NEIGHBOURHOOD BY JAG AUJLA

JUST LISTED FOR SALE IN BRANTFORD

SHELLARD LN / CONKLIN RD

- 2000 sq feet ਦਾ Semi-Detached ਘਰ
- 4 ਬੈੱਡਰੂਮ+4 ਵਾਸ਼ਰੂਮ+3 ਕਾਰ ਪਾਰਕਿੰਗ
- ਸਟੇਨਲੇਸ ਸਟੀਲ ਉਪਕਰਨ
- ਫਨਿਸ਼ਿਡ ਬੇਸਮੈਂਟ
- ਰਸੋਈ ਵਿੱਚ ਪੋਰਸਲਿਨ ਫਲੋਰ ਟਾਇਲਸ
- ਕੁਆਰਟਜ਼ ਕਾਊਂਟਰ ਟੌਪ
- ਮਾਸਟਰ ਬੈੱਡਰੂਮ ਵਿੱਚ 4 ਪੀਸੀਐਸ ਐਨ ਸੂਟ ਅਤੇ ਵਾਕ ਇਨ ਅਲਮਾਰੀ

JUST LISTED FOR SALE IN BRAMPTON

WILLIAMS PKWY / CHINGUACOUSY RD

- 2500 - 3000 sq feet
- Detach ਘਰ, ਡਬਲ ਡੋਰ ਐਂਟਰੀ
- 4 ਬੈੱਡਰੂਮ + ਕੰਪਿਊਟਰ ਲੋਫਟ + 3 ਵਾਸ਼ਰੂਮ + 2 ਕਾਰ ਗੈਰੇਜ
- ਮਾਸਟਰ ਬੈੱਡਰੂਮ ਵਿੱਚ 5 ਪੀਸੀਐਸ ਐਨ ਸੂਟ ਅਤੇ ਵਾਕ ਇਨ ਅਲਮਾਰੀ
- ਸਟੇਨਲੇਸ ਸਟੀਲ ਉਪਕਰਨ
- ਹਾਈਵੇਅ 403 ਦੇ ਨੇੜੇ

SOLD WILLIAMS PKWY / CENTRE ST

SOLD WILLIAMS PKWY / ROYAL ORCHARD

SOLD QUEEN ST / DIXIE RD

SOLD SANDALWOOD / BRAIDWOOD LAKE

SOLD HOWDEN BLVD / WILLIAM PRWY

SOLD QUEEN ST / MCLAUGHLIN

SOLD HWY 10 / BOVAID DR

SOLD GOREWAY DR / QUEEN ST E

FREE

- Full MLS Services
- Consistently Marketing Your Property Until SOLD
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold
- Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)

Off: 905-456-3232

Call JAG AUJLA DIR: 416-371-7777

MCNE, REAL ESTATE BROKER

NOT INTENDED TO SOLICIT BUYERS OR SELLER CURRENTLY UNDER CONTRACT

JUNE 2022



REXDALE BODY SHOP

USED CAR SALE

Specialization In:

- ★ All Kinds of Body Work
- ★ Auto Glass Windshield
- ★ Denting, Painting & Welding

SPECIAL PAINT JOB $779

RENTAL CAR PROVIDED

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

25 years of Canadian Experience

OPEN MON - SAT 9AM TO 7PM

CHEEMA

LOWEST PRICE IN TOWN

Call Rick or Manminder Cheema: 416.749.9596 / 416.951.6431

Towing Service Car Paint Starts $799*upto 100% Deductible Paid*

30 Racine Rd. Toronto, ON, M9W 2Z3, FAX: 416.749.9597

www.AAABODYSHOP.ca

mcheemaaaa@hotmail.com



Tri-City Professional Realty Inc., Brokerage.

The Future of Real Estate

www.TriCityPro.com

Number 1. Tri-City agent in Canada on basis of sales volume 2021

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

NEED MORE LISTINGS

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana

Sales Representative

Tel: 905.793.5777

416.802.5866

31 Melanie Dr. Unit #4 Brampton, ON L6T 5H8

SOLD $1,399,999 CASTLEMORE/GOREWAY

SOLD $1,749,900 8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

SOLD $1,950,000 26 Yellow RomeRd

ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ






FRESH & LARGE VARIETY

Bread, Dairy & Eggs

Branded Foods

Fruits & Vegetables

Beverages & Confectionery

Grocery & Staples

Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017